ਸਿੱਖ ਕੌਮ ਏਡੀ ਸਿਆਣੀ ਨਹੀਂ ਹੈ

ਅਮਰਜੀਤ ਸਿੰਘ

Sikh Kaum Edī Siāṇī Nahīn Hai

by :
Amarjit Singh
V.P.O. Khambra, Distt. Lalandhar.

© ਲੇਖਕ

ਪਹਿਲੀ ਵਾਰ ੨੦੦੩

ਪ੍ਰਕਾਸ਼ਕ :
ਅਮਰਜੀਤ ਸਿੰਘ
ਪਿੰਡ ਤੇ ਡਾਕਖ਼ਾਨਾ ਖਾਂਬੜਾ, ਜ਼ਿਲ੍ਹਾ ਜਲੰਧਰ

ਪੁਸਤਕਾਂ ਮਿਲਣ ਦਾ ਪਤਾ :

ਦਿੱਲੀ	- 26945374
ਲੁਧਿਆਣਾ	- 2533480, 2450566
ਕੈਨੇਡਾ	- 780-450-8231, 604-502-8818
ਅਮਰੀਕਾ	- 209-395-6649

ਮੁੱਲ : 15/- ਰੁਪਏ

ਸਿਖ ਕੌਮ ਏਡੀ ਸਿਆਣੀ ਨਹੀਂ ਹੈ

ਜੇ ਗੁਰੂ ਨਾਨਕ ਪਾਤਿਸ਼ਾਹ ਤੋਂ ਹੀ ਸ਼ੁਰੂ ਕਰੀਏ ਤਾਂ ਅਜ ੫੩੪ ਸਾਲ ਹੋ ਗਏ ਹਨ। ੫੦੦ ਸਾਲ ਹੀ ਲਾਉ ਸਿਖਾਂ ਨੂੰ ਵੱਖਰੀ ਹੋਂਦ ਵਿੱਚ ਆਇਆਂ। ਸਭ ਕੁਝ ਹੀ ਵਖਰਾ, ਪਰ ਕੁਦਰਤੀ-ਰੱਬੀ ਪੱਖ ਵਾਲਾ। ਵੈਸੇ ਸਤਿਜੁਗ ਵਿਚ ਸਾਰੇ ਹੀ ਸਤਿਜੁਗੀ ਹੁੰਦੇ ਸਨ-ਸਤਵਾਦੀ-ਸਾਬਤ ਸੂਰਤਿ-ਸਾਰੇ ਹੀ ਰੱਬ ਨੂੰ ਮੰਨਣ ਵਾਲੇ, ਨਾਮ ਜਪਣ ਵਾਲੇ, ਚੰਗੀਆਂ ਆਦਤਾਂ, ਦੈਵੀ ਗੁਣ ਵਾਲੇ, ਕੁਰਹਿਤ ਕੋਈ ਵੀ ਨਹੀਂ ਸੀ ਕਰਦਾ, ਸਾਰੇ ਹੀ ਗੁਰਮਤਿ ਅਨੁਸਾਰ ਚਲਦੇ ਸਨ। ਬੜਾ ਸੋਹਣਾ ਜੀਵਨ ਬਤੀਤ ਹੋ ਰਿਹਾ ਸੀ। ਮਾਵਾਂ ਭੈਣਾਂ ਸਭ ਦੀਆਂ ਸਾਂਝੀਆਂ ਸਨ। ਸਭ ਦੀ ਇਜ਼ੱਤ ਸਾਂਝੀ ਸੀ। ਸਾਰਾ ਜਗਤ ਇਕ ਹੀ ਪਰਵਾਰ ਸੀ। ਸਮਾਂ ਗੁਜ਼ਰਦਾ ਗਿਆ। ਸ਼ਰਾਰਤੀ ਰੱਬ ਨੇ ਸ਼ਰਾਰਤ ਕਰ ਦਿੱਤੀ। ਕਾਮ ਕ੍ਰੋਧ ਦੀ ਉਲਟ ਵਰਤੋ ਦੀ ਸੋਝੀ ਦੇ ਦਿੱਤੀ। ਲੜਾਈ ਝਗੜੇ ਕਰਵਾ ਦਿੱਤੇ। ਹਊਮੈ ਪਾ ਦਿੱਤੀ। ਲੜੋ-ਝਗੜੋ-ਮਰੋ। ਰਾਜਿਆਂ ਵਿਚ ਈਰਖਾ ਪਾ ਦਿੱਤੀ। ਇਹ ਤੁਹਾਡਾ ਇਲਾਕਾ-ਦੇਸ਼ ਹੈ ਰੋਹਬ ਨਾਲ ਰਹਿ। ਸੈਨਾ ਰੱਖ। ਐਸ਼ ਕਰ।

ਆਸਾ ਮਹਲਾ ੪ ॥ ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥ ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥ ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥ ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ ਹਰਿ ਦਰਗਹ ਪਾਵੈ ਮਾਨੁ ਜੀਉ ॥ ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥੧॥ ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥ ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥ ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥ ਅੰਤਰਿ ਮਮਤਾ ਰੋਗੁ ਲਗਾਨਾ ਹਉਮੈ ਅਹੰਕਾਰੁ ਵਧਾਇਆ ॥ ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥ ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥੨॥ ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ ॥ ਤਪੁ ਤਾਪਨ ਤਾਪਹਿ

ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ ॥ ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ ॥ ਮਹਾ ਜੁਧ ਜੋਧ ਬਹੁ ਕੀਨ੍ਹੇ ਵਿਚਿ ਹਉਮੈ ਪਚੈ ਪਚਾਇ ਜੀਉ ॥ ਦੀਨ ਦਇਆਲਿ ਗੁਰੁ ਸਾਧੁ ਮਿਲਾਇਆ ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ ॥ ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ ॥੩॥ ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥ ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥ ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ ਹਰਿ ਹਰਿ ਨਾਮੁ ਖੇਤੁ ਜਮਾਇਆ ॥ ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥ ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ ਹਿਰਦੈ ਨਾਮੁ ਲਖਾਇ ਜੀਉ ॥ ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥੪॥੪॥੧੧॥

(ਪੰਨਾ ਨੰਬਰ ੪੪੫)

ੴ ਸਤਿਗੁਰ ਪ੍ਰਸਾਦਿ ॥ ਰਾਮਕਲੀ ਮਹਲਾ ੩ ਘਰੁ ੧ ॥ ਸਤਜੁਗਿ ਸਚੁ ਕਹੈ ਸਭੁ ਕੋਈ ॥ ਘਰਿ ਘਰਿ ਭਗਤਿ ਗੁਰਮੁਖਿ ਹੋਈ ॥ ਸਤਜੁਗਿ ਧਰਮੁ ਪੈਰ ਹੈ ਚਾਰਿ ॥ ਗੁਰਮੁਖਿ ਬੂਝੈ ਕੋ ਬੀਚਾਰਿ ॥੧॥ ਜੁਗ ਚਾਰੇ ਨਾਮਿ ਵਡਿਆਈ ਹੋਈ ॥ ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨ ਪਾਵੈ ਕੋਈ ॥੧॥ ਰਹਾਉ ॥ ਤ੍ਰੇਤੈ ਇਕ ਕਲ ਕੀਨੀ ਦੂਰਿ ॥ ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ ॥ ਗੁਰਮੁਖਿ ਬੂਝੈ ਸੋਝੀ ਹੋਈ ॥ ਅੰਤਰਿ ਨਾਮੁ ਵਸੈ ਸੁਖੁ ਹੋਈ ॥੨॥ ਦੁਆਪਰਿ ਦੂਜੈ ਦੁਬਿਧਾ ਹੋਇ ॥ ਭਰਮਿ ਭੁਲਾਨੇ ਜਾਣਹਿ ਦੋਇ ॥ ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥ ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ ॥੩॥ ਕਲਜੁਗਿ ਧਰਮ ਕਲਾ ਇਕ ਰਹਾਏ ॥ ਇਕ ਪੈਰਿ ਚਲੈ ਮਾਇਆ ਮੋਹੁ ਵਧਾਏ ॥ ਮਾਇਆ ਮੋਹੁ ਅਤਿ ਗੁਬਾਰੁ ॥ ਸਤਗੁਰੁ ਭੇਟੈ ਨਾਮਿ ਉਧਾਰੁ ॥੪॥ ਸਭ ਜੁਗ ਮਹਿ ਸਾਚਾ ਏਕੋ ਸੋਈ ॥ ਸਭ ਮਹਿ ਸਚੁ ਦੂਜਾ ਨਹੀ ਕੋਈ ॥ ਸਾਚੀ ਕੀਰਤਿ ਸਚੁ ਸੁਖੁ ਹੋਈ ॥ ਗੁਰਮੁਖਿ ਨਾਮੁ ਵਖਾਣੈ ਕੋਈ ॥੫॥ ਸਭ ਜੁਗ ਮਹਿ ਨਾਮੁ ਊਤਮੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਹਰਿ ਨਾਮੁ ਧਿਆਏ ਭਗਤੁ ਜਨੁ ਸੋਈ ॥ ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ ॥੬॥੧॥

(ਪੰਨਾ ਨੰਬਰ ੮੮੦)

ਥੋੜਾ ਆਦਿ ਵਲ ਝਾਤੀ ਮਾਰੀਏ। ਜਦੋਂ ਧਰਤੀ ਹੀ ਨਹੀਂ ਸੀ ਕੋਈ ਗ੍ਰਹਿ Planet ਨਹੀਂ ਸੀ ਕੋਈ ਤਾਰਾ ਹੀ ਨਹੀਂ ਸੀ। ਸੂਰਜ ਚੰਦਰਮਾ ਹੀ ਨਹੀਂ ਸੀ। ਹਵਾ, ਪਾਣੀ, ਅੱਗ ਹੀ ਨਹੀਂ ਸੀ। ਇਹ ਦਿਸਦਾ ਜੀਵ ਬੰਦਾ

ਹੀ ਨਹੀਂ ਸੀ। ਸੂਰਜ ਚੰਦਰਮਾ ਹੀ ਨਹੀਂ ਸੀ। ਰੱਬ ਇਕ ਪ੍ਰਕਾਸ਼ ਹੈ, ਨੂਰ ਹੈ, ਜੋਤਿ, ਆਤਮਾ ਹੈ ਪਰਮ ਆਤਮਾ ਹੈ। ਜੋ ਪਤਾਲ ਤੋਂ ਅਕਾਸ਼ ਤੱਕ ਹੈ ਤੇ ਪਾਣੀ ਵਿਚ ਹੈ। ਇਸ ਅਨੁਭਵੀ ਪ੍ਰਕਾਸ਼, ਜਾਗਤ ਜੋਤਿ ਨੂੰ ਮਨ ਪਰਚਾਵੇ ਦੀ ਖੇਡ ਲਈ ਦੁਨੀਆ ਬਣਾਉਣ ਦੀ ਸੁਝੀ।

ਸੱਭ ਤੋਂ ਪਹਿਲਾਂ ਆਪ ਗੁਰੂ ਨਾਨਕ ਬਣਿਆਂ, ਮੈਂ ਸ੍ਰਿਸ਼ਟੀ ਸਾਜਾਂਗਾ। ਆਪਣੀ ਜੋਤਿ ਤੋਂ ਸੂਖਸ਼ਮ ਸਰੀਰ ਬਣ ਗਿਆ, ਫਿਰ ਸੂਖਸ਼ਮ ਆਪਣਾ ਘਰ ਬਣਾਇਆ ਸਚਖੰਡ। ਉਥੇ ਬਾਬੇ ਨਾਨਕ ਨੇ ਨੌਂ ਪਾਤਿਸ਼ਾਹੀਆਂ ਹੋਰ ਬਣਾਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਣਾਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸਚਖੰਡਿ ਵਿਚ ਕਰ ਦਿਤਾ। ਉਥੇ ਵਾਹਿਗੁਰੂ ਵਾਹਿਗੁਰੂ ਆਪਣੇ ਆਪ, ਇੱਕ ਰਸ, ਲਗਾਤਾਰ ਹੋਣ ਲੱਗ ਪਇਆ। ਜਿਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੈ। ਭਗਤ ਸਾਰੇ ਹੀ ਆਦਿ ਹਨ। ਭੱਟ ਸਾਰੇ ਹੀ ਆਦਿ ਹਨ। ਨੌਂ ਪਾਤਿਸ਼ਾਹਾਂ ਦੇ ਮਹਿਲ (ਵਹੁਟੀਆਂ) ਵੀ ਆਦਿ ਹਨ। ਦੱਸੇ ਪਾਤਿਸ਼ਾਹਾਂ ਦੇ ਸਹਿਯੋਗੀ ਬਾਬਾ ਬੁਢਾ ਜੀ, ਭਾਈ ਗੁਰਦਾਸ ਜੀ, ਬਾਬਾ ਦੀਪ ਸਿੰਘ ਜੀ ਵੀ ਆਦਿ ਹੀ ਹਨ। ਬੜੇ ਸਿੰਘ ਵੀ ਆਦਿ ਹਨ। ਉਤਲੀ ਦੁਨੀਆ ਜਦੋਂ ਪੂਰੀ ਤਰ੍ਹਾਂ ਬਣ ਗਈ। ਸਚਖੰਡਿ ਕੀਰਤਨ ਤੇ ਸਿਮਰਨ ਹੋਣ ਲੱਗ ਪਿਆ। ਕਰੋੜਾਂ ਸਾਲਾਂ ਬਾਅਦ ਥਲੱਲੀ ਦੁਨੀਆ ਰਚੀ ਗਈ।

ਪਹਿਲਾਂ ਬਾਬੇ ਨਾਨਕ ਨੇ ਕੁਦਰਤਿ ਸਾਜੀ, ਜੋ ਆਪਾਂ ਅੱਖਾਂ ਨਾਲ ਵੇਖ ਰਹੇ ਹਾਂ। ਅਕਾਸ਼, ਤਾਰੇ ਗ੍ਰਹਿ ਬਣਾਏ। ਸੂਰਜ, ਚੰਦਰਮਾ ਧਰਤੀ ਬਣਾਈ। ਹਵਾ, ਪਾਣੀ, ਅੱਗ ਬਣਾਈ ਪੰਜ ਭੂਤਕ ਬਣ ਗਏ। ਹੁਣ ਜੀਵ-ਸਰੀਰ ਬਣਾਇਆ। ਉਧਰ ਆਪਣੇ ਪੈਰਲਿਲ ਧਰਮ-ਰਾਜ ਬਣਾਇਆ। ਜਮਦੂਤਾਂ ਦੀ ਸੈਨਾ ਦੇ ਦਿੱਤੀ ਜੋ ਧਰਮ-ਰਾਜ ਦੇ ਥੱਲੇ ਕੰਮ ਕਰ ਰਹੀ ਹੈ। ਧਰਮ ਰਾਜ ਨੂੰ ਆਪਣੀ ਡਿਊਟੀ ਸਮਝਾ ਦਿੱਤੀ। ਮੌਤ ਧਰਮ-ਰਾਜ ਦੇ ਥੱਲੇ ਆਉਂਦੀ ਹੈ - ਵਾਹਿਗੁਰੂ ਦੇ ਹੁਕਮ ਅਨੁਸਾਰ ਹੀ ਧਰਮ ਰਾਜ ਕੰਮ ਕਰ ਰਿਹਾ ਹੈ।

ਜੀਵ ਪੈਦਾ ਕਰ ਦਿੱਤੇ। ਧਰਤੀ ਦੇ ਨੌ ਹਿਸੇ ਬਣਾ ਦਿਤੇ। ਤਰ੍ਹਾਂ-ਤਰ੍ਹਾਂ ਦੇ ਜੀਵ ਪੈਦਾ ਕਰ ਦਿੱਤੇ। ਜੀਵ ਤੂੰ ਕੌਣ ਹੈਂ? ਹੁਣ ਦਸ ਕੌਣ ਤੇਰਾ ਮਾਂ ਪਿਉ ਹੈ? ਤੂੰ ਕਦੋਂ ਤੇ ਕਿਵੇਂ ਧਰਤੀ ਤੇ ਆਇਆ। ਤੇਰੀ ਕੀ ਹਸਤੀ ਹੈ? ਕੀ ਤਾਕਤ ਹੈ? ਕੀ ਸਮਰਥਾ ਹੈ? ਤੂੰ ਆਪਣੇ ਆਪ ਪੈਦਾ ਹੋ ਸਕਦਾ ਹੈਂ? ਜ਼ਰਾ ਸੋਚ!

ਤੇਰਾ ਪਹਿਲਾਂ ਰੱਬੀ ਜੋਤਿ ਦਾ ਸੁਖਸ਼ਮ ਸਰੀਰ ਬਣਿਆ, ਉਹਨੂੰ ਸਮਝਾਇਆ ਤੂੰ ਥੱਲੇ ਧਰਤੀ ਤੇ ਜਾ ਕੇ ਸਾਰੇ ਰੱਬ ਵਾਲੇ ਕੰਮ ਕਰਨੇ ਹਨ। ਬਾਬੇ ਨਾਨਕ ਦੀ ਤਰ੍ਹਾਂ, ਪਰਉਪਕਾਰੀ ਰਹਿਣਾ ਹੈ। ਸਰਬੱਤ ਦਾ ਭਲਾ ਮੰਗਣਾ ਹੈ। ਸੇਵਾਦਾਰ ਬਣ ਕੇ ਰਹਿਣਾ ਹੈ। ਸਾਰੀ ਸ੍ਰਿਸ਼ਟੀ ਮੈਂ ਹੀ ਬਣਾਈ ਹੈ। ਮੇਰਾ ਹੀ ਰੂਪ ਹੈ। ਤੂੰ ਅੱਠ ਘੰਟੇ ਨਾਮ ਜਪੇਂਗਾ, ਅੱਠ ਘੰਟੇ ਅਰਾਮ

ਕਰੀਂ, ਅੱਠ ਘੰਟੇ ਮਾਇਆ ਕਮਾਈਂ। ਇਹ ਧਰਤੀ ਜਿਸ ਤੇ ਜੀਵ ਆ ਗਿਆ ਦਿਨ ਰਾਤ ਬਣਾਉਣ ਲਈ ੩੦ Km/Sec. ਘੁੰਮ ਰਹੀ ਹੈ। ਰੁੱਤਾਂ ਬਦਲਣ ਲਈ ੩੬੫ ਦਿਨਾਂ ਵਿੱਚ ਸੂਰਜ ਦੁਆਲੇ ਚੱਕਰ ਮਾਰ ਰਹੀ ਹੈ। ਧਰਤੀ-ਅਕਾਸ਼ ਵਿੱਚ ਹੀ ਘੁੰਮ ਰਹੀ ਹੈ।

ਰੱਬ ਨੇ ਜੀਵ ਨੂੰ ਪੈਦਾ ਹੀ ਕਿਉਂ ਕੀਤਾ ? ਇਕ ਖੇਡ ਬਣਾਈ ਹੈ। ਇਕ ਇਮਤਿਹਾਨ ਹੈ, ਪਾਸ ਹੋ ਕੇ ਦਿਖਾ। ੭੦/੮੦ ਸਾਲ ਉਮਰ ਦਿੱਤੀ ਹੈ। ਜੋ ਪੰਜ ਭੂਤਕ ਸਰੀਰ ਹੈ, ਉਹ ਮੈਂ ਗੰਦਾ ਬਣਾਇਆ ਹੈ, ਬਹੁਤ ਗੰਦਾ, ਆਪ ਵੀ ਗੰਦਾ ਤੇ ਆਦਤਾਂ ਵੀ ਗੰਦੀਆਂ, ਇਹ ਜ਼ਹਿਰ ਹੈ। ਇਸ ਦੇ ਨੌ ਦੁਆਰੇ ਬਹੁਤ ਗੰਦੇ ਹਨ। ਅੱਖਾਂ-ਨੱਕ-ਕੰਨ-ਮੂੰਹ-ਗੁਦਾ-ਲਿੰਗ। ਮਾਇਆ ਦਾ ਪੁਤਲਾ ਹੈ। ਨਿਰੋਲ ਮਾਇਆ ਹੀ ਮਾਇਆ ਹੈ। ਮਾਇਆ ਦਾ ਬਹੁਤ ਭੁਖਾ ਵੀ ਹੈ ਤੇ ਮਾਇਆ ਕੰਜਰੀ ਹੈ, ਪਖਿਆਰੀ, ਦਰਾਚਾਰੀ, ਦੁਹਾਗਣ, ਭੂੰਡੀ, ਕਾਮਣੀ, ਸਾਰੇ ਐਬਾਂ ਵਾਲੀ ਹੈ। ਇਹ ਸਰੀਰ ਧਰਮ ਰਾਜ ਦੇ ਥੱਲੇ ਆਉਂਦਾ ਹੈ। ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ।। ਧਰਮ-ਰਾਜ ਨੇ ਹਰ ਸਰੀਰ ਦੇ ਨਾਲ, ਜੰਮਣ ਵੇਲੇ ਹੀ ਦੋ ਜਮਦੂਤ ਭੇਜ ਦਿੱਤੇ ਹਨ, ਇਸ ਸਰੀਰ ਨੂੰ ਰੱਬ ਯਾਦ ਨਹੀਂ ਆਉਣ ਦੇਣਾ। ਜਮਦੂਤ ਬਹੁਤ ਹੀ ਗੰਦੇ ਹਨ, ਮਾਇਆ ਤੋਂ ਵੀ ਗੰਦੇ ਹਨ। ਸਰੀਰ ਇੱਕ ਹੈ, ਇਸ ਦੇ ਉਤੇ ਮਾਇਆ ਖੜੀ ਹੈ। ਮਾਇਆ ਦੇ ਪੁੱਤਰ ਧੀਆਂ ਸਰੀਰ ਵਿੱਚ ਵਸਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦੁੱਖ, ਤੇਰ-ਮੇਰ, ਵਿਤਕਰਾ, ਸ਼ਰੀਕਾ, ਦੁੱਖ, ਚਿੰਤਾ, ਫਿਕਰ, ਆਸਾ-ਮਨਸਾ, ਬਿਮਾਰੀ-ਰੋਗ, ਮਨੋ ਰੋਗ, ਲੜਾਈ-ਫਸਾਦ-ਨਿੰਦਾ ਚੁਗਲੀ ਹੋਰ ਬੜਾ ਗੰਦ ਭਰਿਆ ਪਿਆ ਹੈ। ਟੱਟੀ-ਪੇਸ਼ਾਬ-ਵੀਰਜ-ਲਹੂ-ਮਿਝ ਪਾਕ-ਨਜ਼ਲਾ-ਜ਼ੁਕਾਮ-ਘੰਘਾਰ, ਹਡੀਆਂ-ਮਾਸ-ਨਾੜੀਆਂ ਕੋਈ ਚੰਗੀ ਚੀਜ਼ ਹੈ ? ਆਪ ਵੀ ਗੰਦਾ-ਆਦਤਾਂ ਵੀ ਗੰਦੀਆਂ। ਇਸ ਗੰਦੇ ਸਰੀਰ ਤੇ ਹਾਵੀ ਹਨ, ਮਾਇਆ-ਧਰਮਰਾਜ ਦੇ ਜਮਦੂਤ। ਇਸ ਗੰਦ ਵਿਚੋਂ ਅੰਮ੍ਰਿਤ ਲੱਭਣਾ ਹੈ। ਬੱਸ ਇਹੀ ਖੇਡ ਹੈ।

ਅੰਮ੍ਰਿਤ ਇਸ ਦੇ ਅੰਦਰ ਹੀ ਹੈ, ਪਰ ਸਰੀਰ ਵਿੱਚ ਨਹੀਂ, ਅੱਖਾਂ ਤੋਂ ਉਤੇ ਸਿਰ ਵਿੱਚ ਦਸਮ-ਦੁਆਰ ਹੈ ਉਥੇ ਵੀ ਸੁਖਸ਼ਮ ਰੂਪ ਵਿੱਚ ਰੱਬ ਰਹਿੰਦਾ ਹੈ, ਪਰ ਸਾਡੇ ਰੂਪ ਵਿੱਚ। ਜੀਵਾਤਮਾ ਹੈ ਪਰ ਸਾਡੇ ਸਰੀਰ ਦਾ ਸੁਖਸ਼ਮ ਰੂਪਧਾਰੀ ਬੈਠੀ ਹੈ। ਰੱਬੀ ਜੋਤਿ ਦਾ ਬਣਿਆ ਹੋਇਆ ਸਾਡਾ ਸਰੀਰ ਜੋ ਸੂਖਸ਼ਮ ਹੈ। ਇਹ ਰੱਬ ਹੈ, ਜੀਵ ਹੈ, ਜੀਵਾਤਮਾ ਹੈ। ਅਗਰ ਇਹ ਦਸਮ-ਦੁਆਰ ਵਿੱਚ ਹੈ ਤਾਂ ਸਰੀਰ ਜਿੰਦਾ ਹੈ ਜੇ ਨਿਕਲ ਜਾਏ ਤਾਂ ਸਰੀਰ ਮਰ ਜਾਂਦਾ ਹੈ। ਖੇਡ ਸਾਰੀ ਦਸਮ-ਦੁਆਰ ਦੀ ਹੈ। ਸਰੀਰ ਦੀ ਖੇਡ ਹੈ ਹੀ ਨਹੀਂ। ਜਿਵੇਂ ਧਰਤੀ ਇਕ ਝੂਠੀ ਖੇਡ ਹੈ, ਇਸੇ ਤਰ੍ਹਾਂ ਜੋ ਵੀ ਧਰਤੀ ਤੇ ਪੈਦਾ ਹੋਇਆ, ਝੂਠਾ ਹੈ, ਨਕਲੀ ਹੈ। ਸਰੀਰ ਧਰਤੀ ਤੇ ਪੈਦਾ ਹੋਇਆ ਹੈ ਕੂੜ ਹੈ, ਛਲਾਵਾ ਹੈ, ਠੱਗੀ ਹੈ ਠੱਗੀ। ਇਸ ਨੂੰ ਸਮਝ। ਜਿਹੜਾ ਰੱਬੀ

ਜੋਤ ਤੋਂ ਤੇਰਾ ਸਰੀਰ ਬਣਿਆ ਹੈ ਜੋ ਸੂਖਸ਼ਮ ਹੈ, ਜਿਵੇਂ ਦੱਸੇ ਗੁਰੂ ਹਨ, ਗੁਰੂ ਨਾਨਕ ਹੈ, ਉਹ ਅਸਲ ਹੈ, ਰੱਬ ਹੈ, ਗੁਰੂ ਨਾਨਕ ਹੈ, ਆਤਮਾ ਹੈ, ਜੀਵਾਤਮਾ ਹੈ, ਜੀਵ ਹੈ।

ਆਪਾਂ ਇੱਥੇ ਆ ਕੇ ਜਨਮ ਲੈ ਕੇ ਆਪਣੇ ਆਪ ਨੂੰ ਪਛਾਣਨਾ ਹੈ। ਮੈਂ ਕੌਣ ਹਾਂ, ਕੀ ਕਰਨ ਆਇਆ ਹਾਂ ? ਮੇਰਾ ਅਸਲ ਮਕਸਦ ਕੀ ਹੈ, ਵਾਹਿਗੁਰੂ ਨੇ ਮੈਨੂੰ ਕਿਉਂ ਭੇਜਿਆ ਹੈ ? ਕਿਹੜਾ ਇਮਤਿਹਾਨ ਦੇਣ ਆਇਆ ਹਾਂ ? ਤੇ ਕਿਵੇਂ ਦੇਣਾ ਹੈ, ਪੜ੍ਹਾਈ ਕਿਥੋਂ ਤੇ ਕਿਵੇਂ ਕਰਨੀ ਹੈ, ਪਾਸ ਕਿਵੇਂ ਹੋਣਾ ਹੈ ? ਪਾਸ ਹੋ ਗਿਆ ਤਾਂ ਕੀ ਹੋਏਗਾ ਜੇ ਫੇਲ੍ਹ ਹੋ ਗਿਆ ਤਾਂ ਕੀ ਹੋਏਗਾ ? ਇਹ ਸੱਭ ਕੁਝ ਜਾਣਨਾ ਹੈ ਪਰ ਕਿਵੇਂ ? ਸਰੀਰ ਨੂੰ ਅਕਲ ਵੀ ਨਹੀਂ ਤੇ ਘਿਰਿਆ ਵੀ ਪਿਆ ਹੈ ਬਦਮਾਸ਼ਾਂ ਨਾਲ, ਲੁਚਿਆਂ ਨਾਲ, ਡਾਕੂਆਂ, ਚੋਰਾਂ ਤੇ ਕੰਜਰਾਂ ਨਾਲ।ਦੱਸੋ ! ਕਿਵੇਂ ਬਚ ਸਕਦਾ ਹੈ ? ਬਚ ਹੀ ਨਹੀਂ ਸਕਦਾ। ਵਾਹਿਗੁਰੂ ਨੇ ਆਪ ਹੀ ਤਾਂ ਐਬ ਪਾਏ ਹਨ।

(੧) ਸਰੀਰ ਮਾਇਆ ਦਾ ਤਾਂ ਬਹੁਤ ਹੀ ਭੁੱਖਾ ਹੈ ਭਾਵੇਂ ਉਹ ਕੰਜਰੀ ਹੈ, ਕੰਜਰੀ ਨੂੰ ਭੋਗ ਕੇ ਰਾਜ਼ੀ ਹੈ ਭਾਵੇਂ AIDS ਹੀ ਹੋ ਜਾਏ। ਪਰਵਾਹ ਨਹੀਂ, ਮਰਦਾ ਮਰ ਜਾਏਗਾ ਪਰ ਮਾਇਆ ਕੰਜਰੀ ਨੂੰ ਬੁੱਢਾ ਹੋਇਆ ਵੀ ਜ਼ਿਆਦਾ ਭੋਗਦਾ ਹੈ।

(੨) ਔਰਤ ਦਾ ਬਹੁਤ ਸ਼ੌਕੀਨ ਹੈ। ਪਰਾਈ ਔਰਤ ਦਾ ਜ਼ਿਆਦਾ। ਇਸੇ ਤਰ੍ਹਾਂ ਪਰਾਏ ਮਰਦ ਦਾ ਸ਼ੌਕੀਨ ਹੈ। ਗੁਰੂ ਪਾਤਿਸ਼ਾਹ ਵੀ ਲਿਖਦੇ ਹਨ ਕੋਈ ਸਰੀਰ ਕਾਮ ਤੋਂ ਨਹੀਂ ਬੱਚ ਸਕਦਾ।

(੩) ਸੋਹਣਾ ਰਹਿਣ ਦਾ ਸ਼ੌਕੀਨ ਹੈ ਬਹੁਤ, ਅੰਦਰ ਹਉਮੈ ਜੁ ਭਰੀ ਪਈ ਹੈ। ਮੈਂ ਸੋਹਣਾ ਕਰਦਾ-ਕਰਦਾ ਵਾਲਾਂ ਨੂੰ ਕੱਟਦਾ ਹੈ। ਰੱਬ ਤੋਂ ਟੁੱਟ ਜਾਂਦਾ ਹੈ।

(੪) ਨਸ਼ਾ ਕਰਨ ਦਾ ਆਦੀ ਹੈ। ਨਸ਼ੇ ਵਿੱਚ ਬਹੁਤ ਮਸਤ ਰਹਿੰਦਾ ਹੈ।

ਕੋਈ ਸਰੀਰ ਸਾਰੀ ਦੁਨੀਆ ਵਿੱਚ ਇਹਨਾਂ ਚਾਰਾਂ ਤੋਂ ਨਹੀਂ ਬੱਚ ਸਕਦਾ। ਇਹ ਰੱਬ ਗੁਰੂ ਨਾਨਕ ਦੇ ਬਚਨ ਹਨ। ਕੋਈ ਬੰਦਾ ਇਸ ਕੁਰਹਿਤ ਨੂੰ ਕੱਟ ਨਹੀਂ ਕਰ ਸਕਦਾ। ਇਹ ਕੁਰਹਿਤ ਹੀ ਇਮਤਿਹਾਨ ਹੈ ਇਹ ਕੁਰਹਿਤ ਛੱਡ ਕੇ ਦਿਖਾ। ਸਰੀਰ ਛੱਡ ਨਹੀਂ ਸਕਦਾ। ਹੋ ਗਿਆ ਫੇਲ੍ਹ। ਟੁੱਟ ਗਿਆ ਰੱਬ ਤੋਂ।

ਇਹ ਚਾਰੇ ਕੁਰਹਿਤਾਂ ਵਿੱਚੋਂ ਇਕ ਵੀ ਕਰਨ ਨਾਲ ਰੱਬ ਤੋਂ ਟੁੱਟ ਜਾਈਦਾ ਹੈ। ਜੀਵ ਫੇਲ੍ਹ ਹੋ ਗਿਆ।

ਵਾਹਿਗੁਰੂ ਹੀ ਬਾਬਾ ਨਾਨਕ ਹੈ। ਸਾਰੀ ਕੁਦਰਤ ਬਾਬੇ ਨਾਨਕ ਨੇ ਬਣਾਈ ਹੈ। ਜੀਵ ਸਾਰੇ ਬਣਾਏ ਹਨ। Creater of whole Universe ਬਾਬਾ ਨਾਨਕ ਆਖਦਾ ਹੈ ਤੂੰ ਅੰਮ੍ਰਿਤ ਲੱਭਣ ਆਇਆ ਹੈਂ। ਅੰਮ੍ਰਿਤ ਦਸਮ-ਦੁਆਰ ਵਿੱਚ ਹੈ, ਦਸਮ-ਦੁਆਰ ਸੂਖਸ਼ਮ ਹੈ। ਸਰੀਰ ਅਸਥੂਲ ਹੈ।

ਦ੍ਰਿਸ਼ਟਾਮਾਨ ਸੰਸਾਰ ਵਿੱਚੋਂ ਕੁਝ ਵੀ ਨਹੀਂ ਲੱਭਣਾ। ਅਦ੍ਰਿਸ਼ਟ ਸੰਸਾਰ ਅਸਲੀਅਤ ਹੈ। ਰੱਬ ਸੂਖਸ਼ਮ ਹੈ, ਅਦ੍ਰਿਸ਼ਟ ਹੈ, ਸਚਖੰਡਿ ਸੂਖਸ਼ਮ ਹੈ, ਅਦ੍ਰਿਸ਼ਟ ਹੈ, ਦਸੇ ਗੁਰੂ ਸਾਰੇ ਭਗਤ ਅਦ੍ਰਿਸ਼ਟ ਹਨ ਸੂਖਸ਼ਮ ਹਨ। ਜੀਵ-ਜੀਵਆਤਮਾ, ਆਤਮਾ, ਰੱਬੀ ਜੋਤਿ ਦਾ ਸਰੀਰ ਜੋ ਦਸਮ ਦੁਆਰ ਵਿੱਚ ਸਾਡਾ ਆਪਣਾ ਸਰੀਰ, ਸੂਖਸ਼ਮ ਹੈ। ਉਹ ਅਸਲੀਅਤ ਹੈ, ਸਰੀਰ ਠੱਗੀ ਹੈ। ਦਸਮ-ਦੁਆਰ ਵਿਚਲੇ ਰੱਬੀ ਜੋਤਿ ਦੇ ਸਰੀਰ ਨੂੰ ਲੱਭਣਾ ਹੈ ਕਿਵੇਂ ਲੱਭੇਂਗਾ ? ਸਰੀਰ ਅਸਥੂਲ ਹੈ। ਦੇਹ ਅਸਥੂਲ ਹੈ। ਦਿੱਸਦਾ ਜਗਤ ਅਸਥੂਲ ਹੈ। ਦਿੱਸਦਾ ਜਗਤ ਦ੍ਰਿਸਟਾਮਾਨ ਸੰਸਾਰ ਦਸਮ-ਦੁਆਰ ਵਿਚਲੇ ਰੱਬੀ ਜੋਤਿ ਦੇ ਸੂਖਸ਼ਮ ਸਰੀਰ ਨੂੰ ਲੱਭਣ ਲਈ ਸਹਾਇਕ ਨਹੀਂ ਹੋ ਸਕਦਾ। ਇਹ ਚੈਲੰਜ ਹੈ ਬਾਬੇ ਨਾਨਕ ਰੱਬ ਦਾ।

ਅੰਮ੍ਰਿਤ ਦਸਮ-ਦੁਆਰ ਵਿੱਚ ਹੈ। ਸੂਖਸ਼ਮ ਦਸਮ-ਦੁਆਰ ਵਿੱਚ ਜਾਣ ਲਈ ਸੂਖਸ਼ਮ ਗੁਰੂ ਦੀ ਲੋੜ ਹੈ। ਜਿਹੜਾ ਗੁਰੂ ਹੈ ਉਹ ਰੱਬ ਹੀ ਹੋਣਾ ਚਾਹੀਦਾ ਹੈ। ਇਹ ਸ਼ਰਤ ਹੈ ਰੱਬ ਦੀ।

ਜੇ ਕੋਈ ਦ੍ਰਿਸਟਾਮਾਨ ਅਸਥੂਲ ਦੇਹਧਾਰੀ ਗੁਰੂ ਦਸਮ-ਦੁਆਰ ਪਹੁੰਚਾ ਦੇਵੇ ਤਾਂ ਕੀ ਇਤਰਾਜ਼ ਹੈ ? ਇਹ ਤਾਂ ਈਰਖਾ ਹੋਈ-ਈਰਖਾ ਹੋਣੀ ਨਹੀਂ ਚਾਹੀਦੀ। ਹੈ ਕੋਈ ਇਸ ਦੁਨੀਆ ਵਿੱਚ ਰੱਬ ਨਾਲ ਜੋੜਨ ਵਾਲਾ। ਗੁਰਮੀਤ ਰਾਮ ਰਹੀਮ ਸਿੰਘ ਵੀ ਦੇਹਧਾਰੀ ਗੁਰੂ ਹੈ ਜੇ ਕਾਮ ਤੋਂ ਉਤੇ ਉਠਿਆ ਹੈ ਤਾਂ ਦੱਸੋ। ਤੁਸੀ ਸਾਰਿਆਂ ਉਸਦੀ ਚਿੱਠੀ ਪੜ੍ਹੀ ਹੋਣੀ ਹੈ ਜੋ ਪ੍ਰਧਾਨ ਮੰਤਰੀ ਨੂੰ ਇਕ ਕੁੜੀ ਨੇ ਭੇਜੀ ਸੀ। ਅੱਗੇ ਵੀ ਇਹ ਸ਼ਿਮਲੇ ਦੇ ਹੋਟਲ ਵਿੱਚ ਤਿੰਨ ਕੁੜੀਆਂ ਨਾਲ ਫੜਿਆ ਗਿਆ ਸੀ। ਪਰ ਉਹ ਗੁੰਡਾ ਹੈ ਬੰਦੇ ਨੂੰ ਮਾਰਨਾ ਇਕ ਸਕਿੰਟ ਦਾ ਕੰਮ ਹੈ ਉਸਦਾ। ਸਰਕਾਰ ਉਸ ਨੂੰ ਕੁਝ ਨਹੀਂ ਕਹਿੰਦੀ, ਉਸ ਕੋਲ ਵੋਟਾਂ ਬਹੁਤ ਹਨ। ਇਸੇ ਤਰ੍ਹਾਂ ਦੇ ਹਨ ਬਾਕੀ ਸਾਰੇ ਦੇਹਧਾਰੀ ਗੁਰੂ।

ਤੁਸੀ ਕਿਤਾਬ ਪੜ੍ਹ ਰਹੇ ਹੋ, ਆਪਣੇ ਅੰਦਰ ਝਾਤੀ ਮਾਰੋ, ਅੰਮ੍ਰਿਤ ਬਾਰੇ ਕੀ ਜਾਣਦੇ ਹੋ। ਅੰਦਰਲੇ ਰੱਬ ਬਾਰੇ ਕੀ ਜਾਣਦੇ ਹੋ। ਤੁਸੀ ਮਿਲੇ ਹੋ ਅੰਦਰਲੇ ਰੱਬ ਨੂੰ, ਤੁਹਾਡੀ ਗੱਲ-ਬਾਤ ਹੁੰਦੀ ਹੈ।

ਸ਼ਾਇਦ ਕਿਸੇ ਦੇਹਧਾਰੀ ਗੁਰੂ ਨੂੰ ਵੀ ਨਹੀਂ ਪਤਾ ਕਿ ਦਸਮ-ਦੁਆਰ ਦਾ ਕੁਨੈਕਸ਼ਨ ਸਚਖੰਡਿ ਨਾਲ ਹੁੰਦਾ ਹੈ, ਹਰ ਵੇਲੇ ਜੁੜਿਆ ਰਹਿੰਦਾ ਹੈ। ਉਸ ਦੀ ਨਿਸ਼ਾਨੀ ਇਹ ਹੈ ਕਿ ਜਦੋਂ ਆਪਾ ਗੁਰੂ ਨਾਨਕ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਿਹਰ ਨਾਲ ਸਰੀਰ ਤੋਂ ਨਿਰਮੋਹ ਹੋ ਕੇ ਦਸਮ-ਦੁਆਰ ਜਾਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਪਹਿਲਾ ਸੁਭਾਅ ਬਦਲਣਾ ਸ਼ੁਰੂ ਹੋ ਜਾਂਦਾ ਹੈ। ਰੱਬ ਤੇ ਪੱਕਾ ਵਿਸ਼ਵਾਸ ਬਣ ਜਾਂਦਾ ਹੈ। ਹਰ ਅਰਦਾਸ ਰੱਬ ਅੱਗੇ ਹੀ ਕਰਦੇ ਹਾਂ। ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਮੂੰਹੋਂ ਚਲਦਾ ਹੀ ਰਹਿੰਦਾ ਹੈ।

ਹੁਣ ਚਲਦਾ ਨਹੀਂ. ਅੰਦਰੋਂ ਸੁਨਣ ਲੱਗ ਪੈਂਦਾ ਹੈ ਇਸ ਨੂੰ ਅਨਹਦ

ਕਹੀਦਾ ਹੈ, ਇਸ ਦੇ ਚੱਲਣ ਨਾਲ ਮਨ ਸਾਫ ਹੋਣਾ ਸ਼ੁਰੂ ਹੋ ਜਾਂਦਾ ਹੈ। ਮਨ, ਜੋਤਿ ਸਰੂਪ ਹੈ, ਹੁਣ ਵਿਛੋੜਾ ਨਜ਼ਰ ਆਉਂਦਾ ਹੈ ਕਿ ਮੈਂ ਆਪਣੇ ਪਤੀ ਮਾਲਕ ਵਾਹਿਗੁਰੂ ਤੋਂ ਵਿਛੜਿਆ ਹੋਇਆ ਹਾਂ, ਵੈਰਾਗ ਆਉਂਦਾ ਹੈ, ਵੈਰਾਗ ਆ ਗਿਆ, ਸਮਝੋ। ਪਿਛਲੇ ਜਨਮਾਂ ਦੀ ਮੈਲ ਧੋਤੀ ਗਈ, ਜਿਵੇਂ ਜਿਵੇਂ ਵੈਰਾਗ ਆਏਗਾ ਤਿਵੇਂ ਤਿਵੇਂ ਪਿਛਲੇ ਸੰਸਕਾਰ ਧੁਪਦੇ ਜਾਣਗੇ ਮਨ ਦੀ ਸ਼ੁਧਤਾ ਹੁੰਦੀ ਜਾਏਗੀ। ਹੁਣ ਸੁਭਾਵ ਬਹੁਤ ਹੀ ਬਦਲ ਜਾਏਗਾ। ਪੰਜੇ ਵਿਕਾਰ ਨੇੜੇ ਨਹੀਂ ਰਹਿਣਗੇ। ਤੁਸੀ ਸਰੀਰ ਤੋਂ ਨਿਰਮੋਹ ਹੋਣੇ ਸ਼ੁਰੂ ਹੋ ਗਏ ਹੋ। ਹੁਣ ਪੂਰਨ ਗੁਰੂ ਦੀ ਮਿਹਰ ਚਾਹੀਦੀ ਹੈ। ਹੁਣ ਦਸਮ-ਦੁਆਰ ਵਿਚੋਂ ਅੰਮ੍ਰਿਤ ਦਾ ਰਸ ਆਏਗਾ। ਤੁਹਾਨੂੰ ਆਇਆ ? ਕਿਸੇ ਹੋਰ ਨੂੰ ਆਇਆ ? ਤੁਸੀ ਕਦੀ ਸੁਣਿਆ, ਦੇਖਿਆ, ਚਖਿਆ ਹੈ ਤਾਂ ਫਿਰ ਸੰਸਾਰ ਵਿੱਚ ਕੀ ਕਰਨ ਆਏ ਹੋ ?

ਅੰਮ੍ਰਿਤ ਰਸ ੧੦/੧੫ ਸਾਲ ਦੀ ਮਿਹਨਤ ਤੋਂ ਪਹਿਲਾਂ ਨਹੀਂ ਆਉਂਦਾ। ਕਿਵੇਂ ਆਉਂਦਾ ਹੈ ? ਸੱਭ ਤੋਂ ਪਹਿਲਾਂ ਰੱਬ ਦੇ ਪੁੱਤਰ ਬਣੋ। ਤੁਸੀ ਤਾਂ ਹਰਾਮੀ ਹੋ, ਤੁਹਾਨੂੰ ਆਪਣੇ ਪਿਉ ਦਾ ਨਾਂ ਹੀ ਨਹੀਂ ਪਤਾ। ਇਹ ਸਭ ਗੱਲਾਂ ਸੂਖਸ਼ਮ ਹਨ ਤੁਹਾਡੇ ਅਸਥੂਲ ਸਰੀਰ ਦਾ ਪਿਤਾ ਤਾਂ ਹੈ ਪਰ ਅੰਦਰਲੇ ਰੱਬ ਦਾ ਮਾਲਕ ਕੌਣ ਹੈ ? ਇਹ ਸਰੀਰ ਤਾਂ ਸੜ ਜਾਣਾ ਹੈ। ਨਿਸ਼ਾਨੀ ਇਹ ਹੈ ਕਿ ਦੋ ਜਮਦੂਤ ਜਿਹੜੇ ਧਰਮ-ਰਾਜ ਨੇ ਜੰਮਣ ਵੇਲੇ ਹੀ ਭੇਜ ਦਿੱਤੇ ਸਨ ਉਹ ਵਾਪਿਸ ਧਰਮ-ਰਾਜ ਕੋਲ ਚਲੇ ਜਾਂਦੇ ਹਨ। ਅਗਰ ਇਹ ਸ਼ਕਤੀ ਕਿਸੇ ਹੋਰ ਕੋਲ ਹੈ ਕਿ ਜੀਵ ਦੇ ਸਿਰ ਤੇ ਖੜੇ ਦੋਵੇਂ ਜਮਦੂਤ ਵਾਪਿਸ ਧਰਮ-ਰਾਜ ਕੋਲ ਭੇਜ ਦੇਵੇ, ਕਿਸੇ ਤਰੀਕੇ ਨਾਲ ਭੇਜ ਦੇਵੇ ਤਾਂ ਅਸੀ ਗੁਰੂ ਮੰਨਣ ਨੂੰ ਤਿਆਰ ਹਾਂ ਸਾਰੀ ਉਮਰ ਸੇਵਾ ਉਸਦੇ ਚਰਨਾਂ ਵਿੱਚ ਹੀ ਕਰਾਂਗੇ। ਲਿਆਉ ਦਿਖਾਉ ਕੋਈ। ੬ ਅਰਬ ਵਿੱਚੋਂ ਇਕ ਹੀ ਦਿਖਾ ਦਿਉ।

(੧) ਨਿਰੰਕਾਰੀ, ਰਾਧਾ ਸੁਆਮੀ, ਨਾਮਧਾਰੀ ਕੂਕੇ, ਸਤਿਨਾਮੀਏ, ਸਤਿਕਰਤਾਰੀਏ, ਆਸ਼ੂਤੋਸ਼ ਨੂਰਮਹਿਲੀਆ, ਗੁਰਮੀਤ ਰਾਮ ਰਹੀਮ ਸਿੰਘ ਸਿਰਸੇ ਵਾਲਾ, ਇਹਨਾਂ ਸਾਰਿਆਂ ਨਾਲ ਤਾਂ ਜਮਦੂਤ ਹਨ। ਤੁਸੀ ਆਪਣੇ ਜਮਦੂਤ ਤਾਂ ਦੇਖ ਨਹੀਂ ਸਕਦੇ ਤਾਂ ਸਾਡੇ ਕੀ ਵਾਪਿਸ ਭੇਜੋਗੇ।

(੨) ਦੂਸਰਾ ਤੁਹਾਡੇ ਸਾਰਿਆਂ ਦੇ ਬਜ਼ੁਰਗ ਨਰਕਾਂ ਵਿੱਚ ਕਿੱਲੀ ਤੇ ਟੰਗੇ ਪਏ ਹਨ। ਲੁੱਕ ਦੇ ਡਰੰਮ ਵਿੱਚ ਘੁੰਮ ਰਹੇ ਹਨ। ਆਸ਼ੂਤੋਸ਼ ਦਾ ਹਾਲ ਦੇਖਣਾ ਕੀ ਹੁੰਦਾ ਹੈ ਨਰਕਾਂ ਵਿੱਚ। ਜਿਹਨਾਂ ਨੇ ਜੀਂਦੇ ਜੀਅ ਨਰਕ ਹੀ ਨਹੀਂ ਦੇਖੇ ਉਹ ਕੀ ਸਮਝਾਏਗਾ। ਫਿਰ ਅੰਮ੍ਰਿਤ ਛੱਕਣ ਦੀ ਲੋੜ ਵੀ ਕੀ ਹੈ ? ਜੇ ਇਹ ਫਰੌਡੀ ਦੇਹਧਾਰੀ ਗੁਰੂ ਨਾ ਹੋਣ ਤਾਂ ਦੁਨੀਆ ਗੁਮਰਾਹ ਕਿਵੇਂ ਹੋਵੇ ? ਰੱਬ ਆਪ ਹੀ ਪੁੱਠੇ ਪਾਸੇ ਲਾਉਂਦਾ ਹੈ ਤੂੰ ਬੱਚ ਕੇ ਦਿਖਾ ਤੂੰ ਬੜਾ ਅਕਲ ਵਾਲਾ ਹੈ। ਦੇਹਧਾਰੀ ਗੁਰੂ ਤਾਂ ਧਰਤੀ ਤੇ ਜਮਦੂਤ ਹਨ ਜਿਸ ਨੂੰ ਚਿੰਬੜ ਜਾਣ ਉਸਨੂੰ ਕਦੀ ਵੀ ਨਹੀਂ ਛੱਡਦੇ, ਨਰਕਾਂ ਵਿੱਚ ਭੇਜ

ਕੇ ਹੀ ਛੱਡਦੇ ਹਨ। ਧਰਮ-ਰਾਜ ਦੇ ਪੱਕੇ ਦੋਸਤ ਹਨ, ਇਸੇ ਕਰਕੇ ਇਹਨਾਂ ਦੇ ਸਾਰੇ ਵੱਡੇ-ਵਡੇਰੇ ਧਰਮ ਰਾਜ ਕੋਲ ਹਨ। ਕੋਈ ਵੀ ਸਚਖੰਡਿ ਨਹੀਂ ਹੈ। ਧਰਮ ਰਾਜ ਦੀ ਬੜੀ ਮਿਹਰ ਹੈ ਇਹਨਾਂ ਤੇ। ਇਹਨਾਂ ਦੇ ਮਰਨ ਤੇ ਬੜਾ ਖੁਸ਼ ਹੁੰਦਾ ਹੈ ਭਾਵੇਂ ਆਪ ਹੀ ਮਾਰਦਾ ਹੈ।

ਅੰਮ੍ਰਿਤਧਾਰੀ ਵਾਹਿਗੁਰੂ ਦਾ ਪੁੱਤਰ ਬਣ ਗਿਆ। ਜਮਦੂਤ ਵਾਪਿਸ ਹੋ ਗਏ। ਬਸ਼ਰਤੇ ਕਿ ਉਹ ਚਾਰਾਂ ਵਿੱਚੋਂ ਕੋਈ ਕੁਰਹਿਤ ਨ ਕਰੇ ਤਾਂ, ਰਹਿਤ ਵਿੱਚ ਪੱਕਾ ਰਹੇ। ਕੁਰਹਿਤ ਨਾ ਕਰਨ ਨਾਲ, ਉਸ ਦਾ ਰੱਬ ਨਾਲ ਕੁਨੈਕਸ਼ਨ ਹਰ ਵੇਲੇ ਜੁੜਿਆ ਰਹਿੰਦਾ ਹੈ।

ਕੋਈ ਐਸਾ ਸਰੀਰ ਦਿਖਾਉ ਜਿਸ ਨੇ ਕਦੀ ਵੀ ਕੋਈ ਕੁਰਹਿਤ ਨਹੀਂ ਕੀਤੀ ਤੇ ਅੰਮ੍ਰਿਤਧਾਰੀ ਨ ਹੋਵੇ ? ਜਿਸ ਨੇ ਕਦੀ ਕੁਰਹਿਤ ਨਹੀਂ ਕੀਤੀ ਵਾਹਿਗੁਰੂ ਉਸ ਦੇ ਘਰ ਜਾ ਕੇ ਆਪਣਾ ਪੁੱਤਰ ਬਣਾ ਲੈਂਦਾ ਹੈ।

ਹੁਣ ਤੁਸੀ ਧੁਰਿ ਕੀ ਬਾਣੀ ਦਾ ਪਾਠ ਵਿਚਾਰਨਾ ਹੈ। ਰੱਬ ਦੀ ਗੱਲ ਸਮਝ ਆਉਣੀ ਸ਼ੁਰੂ ਹੋ ਜਾਂਦੀ ਹੈ। ਅੰਮ੍ਰਿਤ :- ਆਤਮਾ ਨੂੰ ਜੀਵਨ ਦੇਣ ਵਾਲਾ ਨਾਮ ਜਲ-ਨਾਮ-ਵਾਹਿਗੁਰੂ। ਅੰਮ੍ਰਿਤ ਜੋ ਗੁਰੂ ਪਾਤਿਸ਼ਾਹ ਨੇ ਪੰਜ ਪਿਆਰੇ ਬਣਾ ਕੇ ਛਕਾਇਆ। ਤੁਹਾਡੀ ਆਤਮਾ ਜਾਗ ਪਈ, ਪਹਿਲਾਂ ਸੁੱਤੀ ਪਈ ਸੀ। ਤੁਸੀ ਸੁੱਤੇ ਪਏ ਸੀ।

ਤੁਸੀ ਆਪਣੀ ਆਤਮਾ ਨੂੰ ਕਿਵੇਂ ਜਗਾਇਆ ? ਫਿਰ ਮੇਰੀ ਆਤਮਾ ਨੂੰ ਵੀ ਜਗਾ ਦਿਉ। ਆਤਮਾ ਸੂਖਸ਼ਮ ਹੈ ਕਿਵੇਂ ਪਹੁੰਚ ਕੀਤੀ ? ਕਿਉਂਕਿ ਤੁਸੀ ਅਸਥੂਲ ਹੋ। ਮੁਕਤ ਦੁਆਰਾ ਸੁਕੰਰਾ ਰਾਈ ਦਸਵੈ ਭਾਇ। । ਤੁਸੀ ਕਿਵੇਂ ਪਹੁੰਚੇ ? ਸਮਝਾਉ।

ਦਸਮ-ਦੁਆਰ ਜਿੱਥੇ ਰੱਬ ਆਪ ਰਹਿੰਦਾ ਹੈ ਉਥੇ ਤਾਂ ਤਾਲਾ ਵੱਜਾ ਹੋਇਆ ਹੈ ਚਾਬੀ ਸਿਰਫ ਗੁਰੂ ਨਾਨਕ ਕੋਲ ਹੈ। ਤੁਸੀ ਉਹ ਤਾਲਾ ਕਿਵੇਂ ਖੋਲ੍ਹਿਆ ਜਾਂ ਕਿਸ ਕੋਲੋਂ ਖੁਲਵਾਇਆ ? ਜਿਸ ਕਾ ਗ੍ਰਿਹਿ ਤਿਨਿ ਦੀਆ ਤਾਲਾ ਕੁੰਜੀ ਗੁਰਸਉਪਾਈ। ।੨੦੪। । ਜਿਹੜਾ ਇਸ ਤਾਲੇ ਨੂੰ ਖੋਹਲ ਦੇਵੇ ਉਹੀ ਅਸਲੀ ਗੁਰੂ ਹੈ। ਹੈ ਕੋਈ ਇਸ ਤਾਲੇ ਬਾਰੇ ਜਾਣਦਾ ਵੀ ਹੋਵੇ ? ਅਫਸੋਸ ਸਿੱਖ ਵੀ ਨਹੀਂ ਜਾਣਦੇ, ਨਹੀਂ ਤਾਂ ਸਾਰੇ ਅੰਮ੍ਰਿਤਧਾਰੀ ਨਾ ਹੁੰਦੇ।

ਗੁਰਬਾਣੀ ਵਿਚਾਰਦੇ ਜਾਉ, ਸਿਮਰਨ ਕਰੀ ਜਾਉ। ਗੁਰਬਾਣੀ ਦਸਮ-ਦੁਆਰ ਸਚਖੰਡ ਦਾ ਰਾਹ ਦਸੇਗੀ ਵਾਹਿਗੁਰੂ ਸਿਮਰਨ ਤੋਰੇਗਾ। ਤੁਰੀ ਚਲੋ, ਤੁਰੀ ਚਲੋ ਇਕ ਦਿਨ ੧੫/੨੦ ਸਾਲਾਂ ਬਾਅਦ ਪੁਹੰਚ ਜਾਉਗੇ। ਨ ਪਹੁੰਚਣ ਵਾਲੀ ਗੱਲ ਹੀ ਨਹੀਂ। ਸਮਰਪਣ ਵਾਹਿਗੁਰੂ ਨੂੰ ਕਰ ਦਿਉ, ਵਾਹਿਗੁਰੂ ਤੂੰ ਹੀ ਕਰਾ। ਮੇਰੇ ਕੋਲੋਂ ਸ਼ਾਇਦ ਪਹੁੰਚ ਨਾ ਹੋਵੇ। ਵਾਹਿਗੁਰੂ ! ਮਨੁੱਖਾ ਜਨਮ ਮੈਨੂੰ ਕਿਉਂ ਦਿੱਤਾ ਹੈ ? ਉਸ ਕੋਲ ਕੋਈ ਜੁਆਬ ਨਹੀਂ। ਮੈਂ ਰੱਬ ਮਿਲਣ ਨੂੰ ਦਿੱਤਾ ਹੈ। ਤੂੰ ਸਮਝਦਾ ਹੈ, ਤੇਰੇ ਕੋਲ ਆਪਣੀ ਅਕਲ ਤੇ ਮਿਹਨਤ ਨਾਲ ਪਹੁੰਚ ਸਕਦਾ ਹਾਂ ? ਨਹੀਂ। ਫਿਰ ਤੇਰਾ ਸੁਭਅ ਕੀ ਹੈ

? ਮੇਹਰ ਕਰਨਾ। ਮੈਨੂੰ ਆਪਣਾ ਕੂਕਰ ਅਕ੍ਰਿਤਘਣ ਕਪੁੱਤਰ ਸਮਝ ਕੇ ਮਿਹਰ ਕਰਦੇ। ਆਪਣੇ ਆਪ ਨੂੰ ਵਾਹਿਗੁਰੂ ਦੇ ਹਵਾਲੇ ਕਰੋ। ਸਰਬੱਤ ਦਾ ਭਲਾ ਮੰਗੋ, ਸਾਰਿਆਂ ਦੀ ਚਰਨ-ਧੂੜ ਲਉ। ਦਸਵੰਧ ਨਾਲ ਗੁਰਸਿੱਖਾਂ ਦੀ ਸੇਵਾ ਕਰੋ। ਸੰਗਤ ਕਰੋ, ਗੁਰਬਾਣੀ ਵਿਚਾਰੋ, ਸਿਮਰਨ ਕਰੋ, ਜੂਠੇ ਭਾਂਡੇ ਮਾਂਜੋ, ਲੋਕ ਲਾਜ ਛੱਡ ਦਿਉ, ਮਾਇਆ ਕਮਾਉਣ ਦਾ ਖਿਆਲ ਛੱਡੋ, ਰੱਬ ਨੂੰ ਪਾਉਣ ਦੀ ਸੋਚੋ। ਬਸ ! ਰੱਬ ਮਿਲ ਜਾਏਗਾ।

ਕੀ ਸਿੱਖਾਂ ਨੂੰ ਮਿਲ ਗਿਆ ਹੈ ? ਕੀ ਸਾਰੇ ਸਿੱਖ ਰੱਬ ਦੇ ਪੁੱਤਰ ਹਨ ਕਿ ਕੰਜਰੀ ਦੇ ਪੁੱਤ ਹਰਾਮਦੇ ਹਨ।

ਹਰਿ ਕੇ ਨਾਮ ਬਿਨਾ ਸੁੰਦਰ ਹੈ ਨਕਟੀ॥ ਜਿਉ ਬੇਸੁਆ ਕੇ ਘਰ ਪੂਤ ਜਮਤ ਹੈ ਤਿਸ ਨਾਮ ਪਰਿਓ ਹੈ ਧ੍ਰਕਟੀ॥

ਬੇਸੁਆ :- ਕੰਜਰੀ। ਧ੍ਰਕਟੀ ਹਰਾਮ ਦਾ, ਧਿਰਕਾਰਿਆ ਹੋਇਆ। ਭ੍ਰਿਸ਼ਟਿਆ ਹੋਇਆ।

ਗੁਰੂ ਤਾਂ ਵਾਹਿਗੁਰੂ ਹੈ, ਉਸਨੂੰ ਕਿਸੇ ਨਾਲ ਕੋਈ ਮੋਹ ਨਹੀਂ, ਤੁਸੀ ਦੇਖੋ ਉਸ ਦੇ ਪੁੱਤਰ ਬਨਣਾ ਹੈ ਕਿ ਨਹੀਂ। ਅਕਾਲੀ ਪਾਰਟੀ, ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਣਾਈ ਸੀ। ਸਚੇ ਸੁਚੇ ਸਿੰਘਾਂ ਦੇ ਜੀਵਨ ਵਾਲੇ ਸਿੰਘਾਂ ਦੀ। ਅੱਜ ਅਫੀਮ ਖਾ ਰਿਹਾ। ਜਥੇਦਾਰ ਹੈ ਅਕਾਲੀਆਂ ਦਾ। ਸ਼ਰਾਬ ਪੀ ਰਿਹਾ ਪੱਕਾ ਅਕਾਲੀ ਹੈ। ਸ਼ਰਾਬ ਦੇ ਠੇਕੇ ਲੈਣ ਵਾਲੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਨ। ਗੁਰੂ ਸਾਹਿਬ ਇਹਨਾਂ ਤੇ ਬਖਸ਼ਿਸ ਕਰਨਗੇ, ਧੰਨ ਹੋ, ਗੁਰਸਿੱਖੋ ! ਤੁਸੀ ਧੰਨ ਹੋ। ਆਖਦੇ ਹਨ ਜੁੱਚਾ ਸਿੰਘ ਲੰਗਾਹ ਦੀ ਹਰਿਮੰਦਰ ਸਾਹਿਬ ਜਾਦਿਆਂ ਬੇਰੀ ਸਾਹਿਬ ਅੱਗੇ ਸ਼ਰਾਬ ਦੀ ਬੋਤਲ ਟੁੱਟ ਗਈ। ਉਹ ਆਖਦਾ ਹੈ ਫਿਰ ਕੀ ਹੋਇਆ ? ਆਪ ਚੁੱਕ ਲਉ ਨਹੀਂ ਤਾਂ ਗੁਰਦੁਆਰੇ ਦੇ ਸੇਵਾਦਾਰ ਨੂੰ ਕਹੋ ਚੁੱਕ ਕੇ ਇੱਕ ਪਾਸੇ ਕਰ ਦੇਵੇ ਤੇ ਪਾਣੀ ਮਾਰ ਦਿਉ। ਇਹ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਨਾ ਚਾਹੁੰਦਾ ਸੀ। ਥੋੜਾ ਭੁਲੇਖਾ ਲੱਗ ਗਿਆ ਨਹੀਂ ਤਾਂ ਇਸ ਗੁੰਡੇ ਨੇ ਬਣ ਜਾਣਾ ਸੀ। ਬਾਦਲ ਇਸ ਦੇ ਹੱਕ ਵਿਚ ਸੀ। ਧੰਨ ਹੈ, ਵੋਟਾਂ ਪਾਉਣ ਵਾਲਿਉ, ਧੰਨ ਹੋ, ਧੰਨ ਤੁਹਾਡੀ ਸਿੱਖੀ ਤੁਸੀ ਗੁਰੂ ਸਾਹਿਬ ਨੂੰ ਵੀ ਨਹੀਂ ਬਖਸ਼ਿਆ। ਪਾਤਿਸ਼ਾਹ ਨੇ ਤਾਂ ਸਾਰਾ ਪਰਿਵਾਰ ਵਾਰ ਕੇ ਸਿੱਖੀ ਸਰਦਾਰੀ ਦਿੱਤੀ ਸੀ, ਤੁਸੀ ਸ਼ਰਾਬਾਂ ਵਿੱਚ ਰੋੜ ਦਿੱਤੀ। ਧੰਨ ਹੋ ਸਿੱਖੋ, ਧੰਨ ਹੋ। ੧੪੬੯ ਤੋਂ ੧੬੯੯ ਤੱਕ ਗੁਰੂ ਪਾਤਿਸ਼ਾਹ ਦੇ ਵੇਲੇ ਸਿੱਖ ਬਹੁਤ ਚੜਦੀ ਕਲਾ ਵਿੱਚ ਰਹੇ, ਕਾਰਨ, ਸਿਮਰਨ ਬਹੁਤ ਕਰਦੇ ਸਨ, ਗੁਰਬਾਣੀ ਵਿਚਾਰਦੇ ਸਨ। ਅਖੰਡ ਪਾਠ ਇਸ ਸਮੇਂ ਇਕ ਵੀ ਨਹੀਂ ਹੋਇਆ। ਸੂਖਸ਼ਮ ਖੇਡ ਨੂੰ ਜਾਣਦੇ ਸਨ ਕਿ ਅਸੀ ਸਰੀਰ ਨਹੀਂ, ਇਹ ਚੋਲਾ ਛੱਡਣਾ ਹੀ ਛੱਡਣਾ ਹੈ। ਫਿਰ ਇਸ ਨਾਲ ਮੋਹ ਕਿਉਂ ? ਫਿਰ ਅੱਗੇ ਸਚਖੰਡਿ ਜਾਣਾ ਹੀ ਜਾਣਾ ਹੈ। ਦਸਵੇਂ ਪਾਤਿਸ਼ਾਹ ਅੰਮ੍ਰਿਤਧਾਰੀ ਗੁਰਸਿੱਖ ਨੂੰ ਲੈਣ ਆਉਂਦੇ ਹਨ। ਬਾਕੀ ਸਾਰਿਆਂ ਨੂੰ ਜਿਹਨਾਂ ਅੰਮ੍ਰਿਤ ਨਹੀਂ ਛੱਕਿਆ, ਧਰਮ ਰਾਜ ਦੇ ਜਮਦੂਤ। ਅੱਗੇ ਦੇਖੋ

ਫਿਰ ਕੀ ਹਾਲ ਕਰਦੇ ਹਨ, ਅਕਾਲੀਆਂ ਦਾ ਇਹਨਾਂ ਪਾਖੰਡੀ ਗੁਰਸਿੱਖਾਂ ਦਾ ? ਇਹ ਆਪਾਂ ਜਾਣਦੇ ਨਹੀਂ। ਕਿਉਂਕਿ ਸੂਖਸ਼ਮ ਹੈ।

ਦਸਵੇਂ ਪਾਤਿਸ਼ਾਹ ਤੋਂ ਬਾਅਦ ਜਦੋਂ ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਿਲ ਗਈ। ਉਸ ਤੋਂ ਬਾਅਦ ਬੰਦਾ ਸਿੰਘ ਬਹਾਦਰ ਰਿਹਾ ਪਰ ਸਿੱਖਾਂ ਵਿੱਚ ਪਾੜ ਪੈਣਾ ਸ਼ੁਰੂ ਹੋ ਗਿਆ। ਸਿਮਰਨ ਘੱਟ ਗਿਆ, ਬਾਣੀ ਦੀ ਵਿਚਾਰ ਘੱਟ ਗਈ। ਸਿੱਖ ਦੁਨਿਆਵੀ ਹੁੰਦੇ ਗਏ। ਮੁਸਲਮਾਨ ਵੀ ਸਿੱਖਾਂ ਨੂੰ ਰਾਜ ਭਾਗ ਦੇਣਾ ਚਾਹੁੰਦੇ ਸਨ, ਸਰਦਾਰੀਆਂ ਦੇਣਾ ਚਾਹੁੰਦੇ ਸਨ ਕਿ ਸੁੱਖਾਂ ਨਾਲ ਜੁੜ ਜਾਣ-ਅਯਾਸ਼ ਹੋ ਜਾਣ-ਭਾਵ ਕੁਰਹਿਤ ਕਰਨ ਲੱਗ ਪੈਣ, ਆਪੇ ਖਤਮ ਹੋ ਜਾਣਗੇ। ਸਾਨੂੰ ਰਾਜ ਦੀ ਪੇਸ਼ਕਸ ਕੀਤੀ ਗਈ। ਨਵਾਬੀਆਂ ਬਖਸ਼ੀਆਂ ਗਈਆਂ। ਅਸੀ ਦਿੱਲੀ ਵੀ ਜਿੱਤੀ ਪਰ ਰਾਜ ਨਾ ਕਰ ਸਕੇ। ਅਕਲ ਘੱਟ ਸੀ ਜਾਂ ਹੈ ਨਹੀਂ ਸੀ। ਗੁਰਬਾਣੀ ਵਿਚਾਰਨ ਵਾਲਾ ਗੁਰਸਿੱਖ ਕਦੀ ਵੀ ਹਿੰਦੂਆਂ ਤੇ ਮੁਸਲਮਾਨਾਂ ਤੇ ਵਿਸ਼ਵਾਸ਼ ਨਹੀਂ ਕਰ ਸਕਦਾ। ਪਿਛਲਾ ਇਤਿਹਾਸ ਦੇਖੋ ਨਾਂ ਦੇਸ਼ ਦਾ ਹਿੰਦੂਸਤਾਨ ਤੇ ਰਾਜ ਸਾਰੀ ਉਮਰ ਮੁਸਲਮਾਨਾਂ ਨੇ ਕੀਤਾ ਹੈ। ਇਕ ਹਰਸ਼ ਵਰਧਨ ਰਾਜਾ ਹੋਇਆ ਸੀ ਉਹ ਵੀ ਆਖੀਰ ਤੇ ਜੰਗਲਾਂ ਨੂੰ ਚਲਾ ਗਿਆ। ਜਿਹੜਾ ਮੁਸਲਮਾਨ ਆਪੇ ਚਾਚੇ ਨੂੰ ਕਤਲ ਕਰਕੇ ਰਾਜ ਕਰ ਸਕਦਾ ਹੈ ਉਹ ਤੁਹਾਨੂੰ ਕਦੋਂ ਬਖਸ਼ੇਗਾ। ਦੇਖੀ ਜਾਉ, ਜਦੋਂ ਗਿਣਤੀ ਮੁਸਲਮਾਨਾਂ ਦੀ ਹਿੰਦੁਸਤਾਨ ਵਿਚ ਵੱਧ ਗਈ ਤਾਂ ਰਾਜ ਵੋਟਾਂ ਦਾ ਹੈ ਇਹਨਾਂ ਦਾ ਰਾਜ ਆ ਗਿਆ ਤਾਂ ਹਿੰਦੂ ਇੱਕ ਨਹੀਂ ਰਹਿਣਾ। ਤੁਹਾਡਾ ਸੈਕੂਲਰਿਜ਼ਮ ਇਹ ਖਤਮ ਕਰਨਗੇ। ਤੁਸੀ ਭੁੱਲ ਗਏ ਔਰੰਗਜ਼ੇਬ ਨੂੰ। ਮੈਂ ਨਾ ਜਾਨਉ ਅਬ ਕੀ ਨਾ ਜਾਨਉ ਤਬ ਕੀ।। ਗਰ ਨ ਹੋਤੇ ਗੁਰੂ ਗੋਬਿੰਦ ਸਿੰਘ ਸੁਨੰਤ ਹੋਤੀ ਸਭ ਕੀ। ਹੁਣ ਗੁਰੂ ਸਾਹਿਬ ਨੇ ਨਹੀਂ ਆਉਣਾ। ਹਿੰਦੂ ਤਾਂ ਇਹ ਗੱਲ ਹੀ ਭੁੱਲ ਗਏ ਕਿ ਅਸੀ ਸਿੱਖਾਂ ਦੀ ਬਖਸ਼ਿਸ ਨਾਲ ਹਿੰਦੂ ਹਾਂ। ਅੱਜ ਰਾਜ ਮਿਲ ਗਿਆ ਕਿਵੇਂ ਆਕੜਦੇ ਹਨ। ਇਹ ਰਾਜ ਵੀ ਸਿੱਖਾਂ ਨੇ ਲੈ ਕੇ ਦਿੱਤਾ ਹੈ। ਤੁਹਾਡੀ ਹਿੰਮਤ ਹੁੰਦੀ ਤਾਂ ਲੈ ਲੈਂਦੇ ਗੋਰਿਆਂ ਤੋਂ। ਉਦੋਂ ਤਾਂ ਸਾਡੀਆਂ ਮਿੰਨਤਾਂ ਕਰਦੇ ਸੀ। ਅਸੀ ਤੁਹਾਨੂੰ ਪੂਰਾ ਰਾਜ ਭਾਗ ਦਿਆਂਗੇ, ਤੁਸੀ ਆਪਣੀ ਪੂਰੀ ਅਜ਼ਾਦੀ ਮਾਣੋਗੇ। ਸਿੱਖ ਸਿਆਣੇ ਹੁੰਦੇ ਤੁਹਾਡੇ ਆਖੇ ਨਾ ਲੱਗਦੇ। ਕਿਉਂਕਿ ਰੱਬ ਇਹਨਾਂ ਨੂੰ ਅੰਨੇ ਆਖਦਾ ਹੈ। ਸਿੱਖ ਅੰਨਿਆਂ ਦੇ ਆਖੇ ਲੱਗ ਗਏ, ਆਪਣੇ ਕੇਸ ਦਾਹੜੀ ਹਿੰਦੂਆਂ ਨੂੰ ਫੜਾ ਦਿੱਤੀ, ਉਹਨਾਂ ਪੁੱਟ ਕੇ ਤੁਹਾਡੇ ਹੱਥ ਫੜਾ ਦਿੱਤੀ ਹੈ। ਗੋਰੇ ਸਿੱਖਾਂ ਨੂੰ ਵੱਖਰਾ ਰਾਜ ਦਿੰਦੇ ਸਨ, ਮਹਾਰਾਜਾ ਰਣਜੀਤ ਸਿੰਘ ਜਿਨ੍ਹਾ, ਕਿਥੇ ਮੁਲਤਾਨ, ਅਫਗਾਨ, ਕਸ਼ਮੀਰ ਸਾਰਾ ਪੰਜਾਬ, ਮੂਰਖੋ ! ਤੁਸੀ ਹਿੰਦੂਆਂ ਕੋਲੋਂ, ਅੰਨਿਆਂ ਕੋਲੋਂ ਕੀ ਲੈਣਾ ਸੀ ? ਗੋਰਿਆਂ ਦੀ ਇੱਕ ਹੀ ਸ਼ਰਤ ਸੀ। ਰਾਜ ਭਾਵੇਂ ਜ਼ਿਆਦਾ ਵੀ ਲੈ ਲਉ, ਪਰ ਸਾਡੇ ਵਿੱਚ ਦਖਲ ਅੰਦਾਜ਼ੀ ਨਾ ਕਰਿਉ। ਭਾਵ ਬਾਕੀ ਸਾਰੇ ਹਿੰਦੁਸਤਾਨ ਤੇ ਸਾਨੂੰ ਰਾਜ ਕਰ ਲੈਣ ਦੇਣਾ। ਪਰ ਗਾਂਧੀ ਚਲਾਕ ਲੂੰਬੜ, ਸਿੱਖਾਂ ਦੇ ਪੈਰੀਂ ਪੈ ਗਿਆ, ਕਿ ਅਸੀ ਵੀ ਤੁਹਾਨੂੰ ਉਨਾ ਹੀ ਰਾਜ

ਦਿਆਂਗੇ, ਜਿਨਾ ਗੋਰੇ ਦੇ ਰਹੇ ਸਨ ਸਾਨੂੰ ਇਕ ਵਾਰੀ ਅਜ਼ਾਦੀ ਲੈ ਦਿਉ। ਅਜ਼ਾਦੀ ਲੈ ਦਿੱਤੀ, ਖੂਨ ਸਾਡਾ ਗਿਆ, ਅਜ਼ਾਦੀ ਹਿੰਦੂ ਮਾਣ ਰਿਹਾ ਹੈ। ਸਿੱਖ ਤਾਂ ਅੱਜ ਵੀ ਗੁਲਾਮ ਹੈ।

ਜੇ ਬਾਣੀ ਵਿਚਾਰੀ ਹੁੰਦੀ ਅਸੀ ੬੫ ਸਾਲਾਂ ਤੋਂ ਰਾਜ ਕਰਦੇ ਹੁੰਦੇ ਪਰ ਇਹ ਹਿੰਦੂ ਅੱਜ ਵੀ ਗੁਲਾਮ ਹੁੰਦੇ।

ਗਾਂਧੀ ਨੂੰ ਗੋਰੇ ਬਹੁਤ ਪਸੰਦ ਕਰਦੇ ਸਨ। ਇਹੋ ਜਿਹੇ ਦੋ ਚਾਰ ਹੋਰ ਲੀਡਰ ਹੁੰਦੇ ਤਾਂ ਦੇਸ਼ ਅਜ਼ਾਦ ਹੀ ਨਹੀਂ ਸੀ ਹੋਣਾ। ਕਿਉਕਿ ਸਤਿਆਗ੍ਰਹਿ ਹੀ ਕਰਦਾ ਸੀ। ਨਾ ਮਾਰ ਕੁਟਾਈ, ਨਾ ਖੂਨ ਖਰਾਬਾ, ਗੋਰੇ ਤਾਂ ਹਰ ਸਮੇਂ ਇਸਨੂੰ ਇਨਾਮ ਦੇਣਾ ਚਾਹੁੰਦੇ ਸਨ। ਸਿੱਖਾਂ ਨੇ ਗੜਬੜ ਕਰ ਦਿੱਤੀ ਨਹੀਂ ਤਾਂ ਸ਼ਾਤੀ ਨੋਬਲ ਪੁਰਸਕਾਰ ਗਾਂਧੀ ਨੂੰ ਦੇਣਾ ਸੀ ਗੋਰਿਆਂ ਨੇ। ਬੱਬਰ ਅਕਾਲੀ ਉਠੇ ਤਾਂ ਅਜ਼ਾਦੀ ਮਿਲੀ-ਨੀਂਹ ਰੱਖੀ ਗਈ।

ਕੋਈ ਕਿਸੀ ਕੋ ਰਾਜ ਨ ਦੇ ਹੈਂ ਜੋ ਲੇ ਹੈਂ ਨਿਜ ਬਲ ਸੇ ਲੇ ਹੈਂ॥

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ, ਬੜਾ ਤਕੜਾ ਜੋਧਾ ਸੀ। ੪੦ ਸਾਲ ਰਾਜ ਵੀ ਕੀਤਾ। ਬਿਲਕੁਲ ਅਨਪੜ੍ਹ, ਮਹਾਂ ਅਯਾਸ਼ ਤੇ ਸ਼ਰਾਬੀ। ਔਰਤ ਦੇਖਦਾ ਜਾਂਦਾ ਸੀ ਪਾਗਲ ਹੋ ਜਾਂਦਾ ਸੀ। ਕੰਜਰੀ ਨਾਲ ਸੋਲਵਾਂ ਵਿਆਹ ਕਰਵਾਇਆ। ਸ਼ਰਾਬ ਦਾ ਆਦੀ ਸੀ। ਗੁਰਬਾਣੀ ਦਾ ਗਿਆਤਾ ਨਹੀਂ ਸੀ। ਰਾਜ ਸਿੱਖਾਂ ਹੱਥੋਂ ਜਾਂਦਾ ਰਿਹਾ।

ਇੱਕ ਵਾਰੀ ਬਾਬਾ ਫੂਲਾ ਸਿੰਘ ਜੀ ਇਸ ਕੋਲ ਆਪ ਚਲੇ ਗਏ। ਸਤਿਕਾਰ ਪੂਰਾ ਕੀਤਾ ਬਰਾਬਰ ਗੱਦੀ ਤੇ ਬਿਠਾਇਆ। ਬਾਬਾ ਜੀ ਨੇ ਸਲਾਹ ਦਿੱਤੀ ਸਿੱਖ ਰਾਜ ਦੀਆਂ ਜੜ੍ਹਾਂ ਪੱਕੀਆਂ ਕਰ - ਸਾਰੇ ਅਹੁਦੇ ਸਿੱਖਾਂ ਨੂੰ ਦੇਹ। ਸੂਬਾ ਲਾਹੌਰ, ਸੂਬਾ ਜਲੰਧਰ, ਸੂਬਾ ਸਰਹੰਦ ਆਦਿ ਸਾਰੇ ਵਜ਼ੀਰ ਸਿੱਖ ਰੱਖ ਤੇ ਆਪਣਾ ਜਾਨ ਨਸ਼ੀਨ ਤਿਆਰ ਕਰ ਜੋ ਅੱਗੋਂ ਰਾਜ ਸਾਂਭੇ, ਪਰ ਬੁਧੂ ਡੋਗਰਿਆਂ ਦੇ ਹੱਥ ਚੜ੍ਹਿਆ ਹੋਇਆ ਸਾਰੀ ਉਮਰ ਲਈ ਆਪਣਾ ਰਾਜ ਗਵਾ ਬੈਠਾ। ਸ਼ਰਾਬ ਨੇ ਅਕਲ ਹੀ ਨਹੀਂ ਆਉਣ ਦਿੱਤੀ। ਬੇ ਅੰਮ੍ਰਿਤੀਏ ਤੇ ਵਾਹਿਗੁਰੂ ਬਖ਼ਸ਼ਿਸ ਨਹੀਂ ਕਰਦਾ। ਰਾਜਾ ਤਾਂ ਕੁਰਹਿਤਾਂ ਕਰਦਾ ਸੀ।

ਸਾਰੇ ਅਕਾਲੀ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਹਨ ਮਹਾਂ ਅਯਾਸ਼ ਤੇ ਸ਼ਰਾਬੀ। ਮੈਨੂੰ ਕਿਸੇ ਸੁੱਚਾ ਸਿੰਘ ਦੇ ਨਜ਼ਦੀਕੀ ਨੇ ਦੱਸਿਆ। ਜਦੋਂ ਕੈਪਟਨ ਨੇ ਇਹਨੂੰ ਹੱਥ ਪਾਇਆ ਤਾਂ ਇਹ ਭਗੌੜਾ ਹੋ ਗਿਆ, ਸੁੱਚਾ ਸਿੰਘ ਝੂਠਾ ਸਾਬਤ ਹੋਇਆ। ਕਿਸੇ ਨੇ ਕਿਹਾ ਪੇਸ਼ ਹੋ ਜਾਹ, ਕਹਿਣ ਲੱਗਾ ਗੱਲ ਘਪਲਿਆਂ ਦੀ ਨਹੀਂ। ੮੪ ਕੁੜੀਆਂ ਨਾਲ ਮੇਰੇ ਸਬੰਧ ਹਨ ਉਹਨਾਂ ਦਾ ਕੀ ਕਰਾਂ? ਹੈ ਨਾ ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਕਰੈਕਟਰ ਪੱਖੋਂ, ਜੋ ਆਪ ਇਸ ਤੋਂ ਘੱਟ ਸੀ, ਅਕਾਲੀ ਉਸ ਤੋਂ ਅੱਗੇ ਹਨ। ਉਸ ਨਾਲੋਂ ਸ਼ਰਾਬ ਵੀ ਜ਼ਿਆਦਾ ਪੀਂਦੇ ਹਨ। ਦੇਖੋ! ਵਾਹਿਗੁਰੂ ਕੀ ਕਰਨ ਵਾਲਾ ਹੈ?

ਸਿੱਖਾਂ ਦੀ ਅਕਲ ਦਾ ਅੰਦਾਜ਼ਾ ਹੁਣ ਤੁਸੀ ਲਾਈ ਜਾਓ।

ਮੇਰਾ ਖਿਆਲ ਨਹੀਂ ਉਨੀਵੀਂ ਸਦੀ ਵਿੱਚ ਸਿੱਖਾਂ ਨੇ ਬਾਣੀ ਵਿਚਾਰੀ ਹੋਵੇ। ਗੁਲਾਮ ਉਹੀ ਹੁੰਦਾ ਹੈ ਜੋ ਬੇਅਕਲਾ ਹੋਵੇ। ਗੁਲਾਮ ਗੋਰਿਆਂ ਦੇ ਹੋ ਗਏ। ੨੦੦ ਸਾਲ ਗੁਲਾਮ ਰਹੇ। ਇੱਕ ਈਸਟ ਕੰਪਨੀ ਆਈ ਸੀ ਦੇਸ਼ ਵਿੱਚ। ੨੦੦ ਸਾਲ ਰਾਜ ਕਰ ਗਏ। ਗੋਰੇ ਆਪ ਕਿੰਨੀ ਕੁ ਗਿਣਤੀ ਵਿੱਚ ਸਨ, ਕਦੀ ਅੰਦਾਜ਼ਾ ਲਾਇਆ ਹੈ। ਆਪਾਂ ਦੋ-ਚਾਰ ਹਜ਼ਾਰ ਇਕੱਠੇ ਹੋ ਜਾਂਦੇ, ਗੋਰਿਆਂ ਦਾ ਨਾਂ ਨਿਸ਼ਾਨ ਨਹੀਂ ਸੀ ਰਹਿਣਾ। ਪਰ ਗੋਰਿਆਂ ਨੇ ਸਾਨੂੰ ਪਾੜੀ ਰੱਖਿਆ। ਜੱਟਾਂ, ਚੂੜਿਆਂ ਨੂੰ ਭਰਤੀ ਕਰ ਲਿਆ ਆਪਸ ਵਿੱਚ ਫੁੱਟ ਪਾਈ ਰੱਖੀ, ੨੦੦ ਸਾਲ ਸਾਡੇ ਸਿਰ ਤੇ ਸਾਨੂੰ ਗੁਲਾਮ ਬਣਾ ਕੇ ਸਾਡੇ ਤੇ ਰਾਜ ਕਰ ਗਏ। ਸਾਡੀ ਅਕਲ ਦੇਖ ਲਉ। ਅੱਜ ਵੀ ਇਹੋ ਫਾਰਮੂਲਾ ਚੱਲ ਰਿਹਾ ਹੈ। ਕੀ ਕੌਮ ਅੱਜ ਇਕੱਠੀ ਹੈ ?

ਅਕਲ ਕਿੱਥੋਂ ਆਵੇ ? ਗੁਰਬਾਣੀ ਤੋਂ, ਗੁਰਬਾਣੀ ਕੌਣ ਵਿਚਾਰੇ ? ਤੇ ਅਮਲ ਕੌਣ ਕਰੇ ? ਗੋਰਿਆਂ ਵੇਲੇ 'ਗੁਰੂ ਕਾ ਬਾਗ' ਮੋਰਚੇ ਵਿੱਚ ਸਿੱਖਾਂ ਨੇ ਸਿੱਖਾਂ ਨੂੰ ਮਾਰਿਆ ਹੈ। ਜ਼ਮੀਰ ਹੀ ਅੰਦਰੋਂ ਮਰ ਚੁੱਕੀ ਸੀ। ਮੋਰਚਾ ਗੰਗਸਰ ਜੈਤੋ ਗੋਰਾ ਤਾਂ ਅਫਸਰ ਹੀ ਸੀ ਸਿੱਖਾਂ ਨੇ ਹੀ ਸਿੱਖਾਂ ਨੂੰ ਗੋਲੀਆਂ ਨਾਲ ਉਡਾਇਆ ਹੈ। ਜੇ ਸਿੱਖ ਬੰਦੂਕ ਦਾ ਮੂੰਹ ਗੋਰੇ ਵੱਲ ਕਰ ਦਿੰਦੇ ਤਾਂ ਉਸੇ ਦਿਨ ਅਜ਼ਾਦੀ ਮਿਲ ਜਾਣੀ ਸੀ। ਪਰ ਗੁਲਾਮ ਅਕਲ ਕਿੱਥੋਂ ਲਿਆਏ ? ਮਹੰਤ ਨਰੈਣ ਦਾਸ ਨੇ ਗੋਰਿਆਂ ਦੀ ਸ਼ਹਿ ਤੇ ਹੀ ਸਿੱਖ ਭੁੰਨੇ ਸਨ। ਮਹੰਤ ਨਰੈਣ ਦਾਸ ਨਾਲ ਵੀ ਸਿੱਖ ਹੀ ਗੁੰਡੇ ਸਨ। ਜਦੋਂ ਵੀ ਤੁਸੀ ਕੁਰਹਿਤ ਕਰ ਜਾਉਗੇ ਅਕਲ ਮਾਰੀ ਜਾਏਗੀ। ਸ਼ਰਾਬ, ਕੁੜੀਆਂ ਮਹੰਤ ਨਰੈਣ ਦਾਸ ਪੇਸ਼ ਕਰਦਾ ਸੀ ਆਪਣੇ ਸਿੱਖ ਗੁੰਡਿਆਂ ਨੂੰ।

ਕਿਸੇ ਹੋਰ ਕੌਮ ਦੀ ਜ਼ਰੂਰਤ ਨਹੀਂ ਕਿ ਸਿੱਖ ਕੌਮ ਨੂੰ ਮਾਰ ਜਾਏ। ਜਦੋਂ ਮਾਰੇਗਾ ਸਿੱਖ ਹੀ ਸਿੱਖ ਨੂੰ ਮਾਰੇਗਾ। ਦਰਬਾਰ ਸਾਹਿਬ ਤੇ ਹਮਲਾ ਹੋਇਆ, ਗਦਾਰ ਸਿੱਖਾਂ ਨੇ ਕਰਵਾਇਆ, ਰਣਜੀਤ ਸਿੰਘ ਦਿਆਲ ਤੇ ਬਰਾੜ ਨੇ ਕੀਤਾ। ਇੱਕ ਸਿੱਖ ਹੀ ਐਸਾ ਹੈ ਜੋ ਆਪਣੇ ਗੁਰੂ ਨੂੰ ਮਾਰਣ ਲਈ ਵੀ ਤਿਆਰ ਹੈ।

ਜਲ੍ਹਿਆਂ ਵਾਲੇ ਬਾਗ ਵਿੱਚ ਸਿੱਖਾਂ ਦਾ ਲਹੂ ਲੁਹਾਣ ਸਿੱਖਾਂ ਨੇ ਕੀਤਾ ਸੀ। ਅਰੂੜ ਸਿੰਘ O'DWYAR ਨੂੰ ਅਕਾਲ ਤਖਤ ਤੋਂ ਸਿਰਾਪਾਉ ਦੇਣ ਵਾਲਾ, ਸਿਮਰਨਜੀਤ ਸਿੰਘ ਦਾ ਨਾਨਾ ਸੀ। ਸਿੱਖਾਂ ਦੇ ਗਦਾਰ ਗੋਰਿਆਂ ਦੇ ਚਮਚੇ ਵੀ ਗੁਰਸਿੱਖ ਅਖਵਾਂਉਦੇ ਹਨ।

ਮਹਾਰਾਜਾ ਰਣਜੀਤ ਸਿੰਘ ਵੇਲੇ ਬਾਰੂਦ ਦੀ ਜਗ੍ਹਾ ਸਰੋਂ ਭੇਜਣ ਵਾਲਾ ਬਾਦਲ ਦਾ ਹੀ ਵੱਡਾ-ਵਡੇਰਾ ਸੀ। ਅੱਜ ਬਾਦਲ ਸਿੱਖਾਂ ਦਾ ਲੀਡਰ ਸਿੱਖੀ ਖਤਮ ਕਰਨ ਤੇ ਲੱਗਾ ਹੋਇਆ ਹੈ। ਦੁਰਗਿਆਨਾ ਮੰਦਰ ਗਿਆ ਹੈ ਕਰੋੜ ਰੁਪਏ ਦੇਕੇ ਆਇਆ ਹੈ ਕਦੀ ਪੰਜ ਰੁਪਏ ਦਰਬਾਰ ਸਾਹਿਬ ਮੱਥਾ ਟੇਕਿਆ ਹੈ। ਖਾਂਦਾ ਜ਼ਰੂਰ ਹੋਏਗਾ ਇਥੋਂ ਚੜ੍ਹਾਵੇ ਵਿੱਚੋਂ। ਜੇ ਪੰਜ ਸਾਲ ਹੋਰ ਆ ਗਿਆ ਤਾਂ ਸਿੱਖੀ ਦਾ ਨਾਂ ਨਿਸ਼ਾਨ ਨਹੀਂ ਸੀ ਰਹਿਣਾ।

ਕੈਪਟਨ ਨੇ ਆ ਕੇ ਕਿਹੜਾ ਕੱਦੂ ਵਿੱਚ ਤੀਰ ਮਾਰ ਲਿਆ। ਤੇਰੇ ਘਰ ਦੀ ਸਾਂਝ ਗੁਰੂ ਘਰ ਨਾਲ ਹੈ ਗੁਰੂ ਸਾਹਿਬ ਦਾ ਹੁਕਮਨਾਮਾ ਪੜ੍ਹ, "ਤੇਰਾ ਘਰ ਮੇਰਾ ਘਰ"। ਇਸ ਘਰ ਨੂੰ ਰਾਜ ਦਵਾਉਣ ਵਾਲੇ ਗੁਰੂ ਸਾਹਿਬ ਹਨ। ਜਿਨ੍ਹਾਂ ਦੀ ਬਦਉਲਤ ਰਾਜ ਮਿਲਿਆ ਉਹਨਾਂ ਦਾ ਧੰਨਵਾਦ ਕਰਨ ਲਈ ਅੰਮ੍ਰਿਤਸਰ ਸ਼ਹਿਰ ਨੂੰ ਪੱਵਿਤਰ ਸ਼ਹਿਰ ਹੀ ਕਰਾਰ ਦੇ ਦੇ। ਕਮ ਸੇ ਕਮ ਸ਼ਰਾਬ ਸਿਗਰਟ ਚੁੱਕੀ ਜਾਏ, ਚੁੰਗੀ ਤੋਂ ਬਾਹਰ ਹੋ ਜਾਏ। ਤੂੰ ਆਪ ਹੀ ਸ਼ਰਾਬ ਪੀ ਜਾ ਰਿਹਾ ਹੈ। ਰਾਜ ਵਾਹਿਗੁਰੂ ਖੋਹ ਵੀ ਲੈਂਦਾ ਹੈ।

ਨਦਰਿ ਉਪਠੀ ਜੇ ਕਰੈ ਸੁਲਤਾਨਾ ਘਾਹੁ ਕਰਾਇਦਾ।।

ਜੇ ਗੁਰੂ ਪਾਤਿਸ਼ਾਹ ਵਾਅਦੇ ਦੇ ਪੂਰੇ ਹਨ ਤਾਂ ਆਪਾਂ ਵੀ ਪੂਰੇ ਉਤਰੀਏ। ਤੁਹਾਨੂੰ ਰਾਜ ਲੈ ਦਿੱਤਾ ਤੁਸੀ ਕੀ ਧੰਨਵਾਦ ਕੀਤਾ ਪਾਤਿਸ਼ਾਹ ਦਾ। ਜੇਲ੍ਹਾਂ ਵਿੱਚ ਸੜ੍ਹ ਰਹੇ ਸਿੰਘ ਹੀ ਛੱਡ ਕੇ ਗੁਰੂ ਸਾਹਿਬ ਦੀ ਖੁਸ਼ੀ ਲੈ ਲਉ।

ਸਿੱਖਾਂ ਦਾ ਸੱਭ ਤੋਂ ਜ਼ਿਆਦਾ ਨੁਕਸਾਨ ਟੋਹੜੇ ਨੇ ਕੀਤਾ ਹੈ। ੨੫ ਸਾਲਾਂ ਵਿੱਚ ਸਿੱਖਾਂ ਨੂੰ, ਸਿੱਖੀ ਨੂੰ ਲੀਰੋ ਲੀਰ ਕਰ ਦਿੱਤਾ। ਦੇਹਧਾਰੀ ਗੁਰੂ, ਸੰਤ ਬਾਬੇ ਸਾਰੀ ਟੋਹੜੇ ਦੀ ਕਾਢ ਹੈ ਉਸ ਨੂੰ ਅਕਲ ਹੀ ਨਹੀਂ ਸੀ ਤੇ ਉਹ ਆਇਆ ਹੀ ਪਾੜਨ ਸੀ ਸਿੱਖਾਂ ਨੂੰ ਕਿਉਕਿ ਆਪ ਕਾਮਰੇਡ ਸੀ। ਸਿੱਖ ਕੌਮ ਨੂੰ ਕਿੰਨੀ ਕੁ ਸਮਝ ਸੀ ਕਿ ੨੫ ਸਾਲ ਉਹ ਰਾਜ ਕਰ ਗਿਆ। ਸਿੱਖ ਕੌਮ ਹੀ ਮੁਰਦਾ ਹੋ ਗਈ ਹੈ। ਸਰੀਰ ਤੇ ਖੜ੍ਹੀ ਹੈ। ਅਗਲੀ ਗੱਲ ਦੀ ਸਮਝ ਹੀ ਨਹੀਂ।

ਸਿੱਖ ਬਾਹਰ ਜਾ ਕੇ ਟੱਟੀਆਂ ਸਾਫ ਕਰਨ ਨੂੰ ਤਿਆਰ ਹਨ, ਇਥੇ ਸਰਦਾਰੀ ਨਹੀਂ ਸਾਂਭ ਸਕਦੇ। ਅਸੀ ਲੋਕਾਂ ਦੇ ਅੰਨ ਦਾਤੇ ਤੇ ਸਾਡੀ ਆਪਣੀ ਕੌਮ ਕਰੋੜਾਂ ਰੁਪਏ ਦੇ ਕੇ ਬਾਹਰ ਬੰਗਲੌਰ/ਪੜ੍ਹਨ ਜਾਂਦੇ ਹਨ ਪੈਸੇ ਵੀ ਗਏ ਸਿੱਖੀ ਵੀ ਗਈ। ਹਰਾਮਦੇ ਬਨਣ ਨੂੰ ਤਿਆਰ ਹਨ, ਵਾਹਿਗੁਰੂ ਦੇ ਨਹੀਂ।

ਗੁਰਦੁਆਰੇ ਕੋਈ ਪਰਚਾਰ ਨਹੀਂ ਹੋ ਰਿਹਾ, ਭਾਈ! ਜੇ ਤੂੰ ਅਮ੍ਰਿੰਤਧਾਰੀ ਨਹੀਂ ਤਾਂ ਹਰਾਮਦਾ ਹੈ ਤੂੰ ਗੁਰੂ ਘਰ ਕੀ ਕਰਨ ਆਇਆ ਹੈਂ? ਭਾਈ ਦੀ ਕੀ ਜ਼ਰੂਰਤ ਹੈ ਇੱਕ ਗੱਲ ਆਖ ਦੇਵੇ ਕਿਹੜੇ ਗੁਰਦੁਆਰੇ ਠੀਕ ਪਰਚਾਰ ਹੋ ਰਿਹਾ ਹੈ?

ਹਰਿਮੰਦਰ ਸਾਹਿਬ ਲਾਉ ਰੋਜ਼ ਉਹੀ "ਹਰਿ ਅੰਮ੍ਰਿਤ ਭਿੰਨੇ ਲੋਇਣਾ" ੫੦੦ ਸਾਲਾਂ ਤੋਂ ਸੁਣ-ਸੁਣ ਕੇ ਮੰਨ ਨਹੀਂ ਭਰਿਆ ਕਿ ਸਮਝ ਹੀ ਨਹੀਂ ਆਈ। ਕੀ ਕਥਾ ਨਹੀਂ ਹੋ ਸਕਦੀ, ਕੀ ਸਿਮਰਨ ਨਹੀਂ ਹੋ ਸਕਦਾ, ਕੀ ਲੈਕਚਰ ਨਹੀਂ ਹੋ ਸਕਦਾ? ਇਹ ਗੋਰਿਆਂ, ਮੁਸਲਮਾਨਾਂ ਨੇ ਬੰਦ ਕਰਵਾਇਆ ਸੀ, ਸਾਡੇ ਗਦਾਰ ਨੂੰ ਵਿੱਚ ਪਾ ਕੇ 'ਰਾਜ ਕਰੇਗਾ ਖਾਲਸਾ' ਨ ਪੜ੍ਹਿਆ ਕਰੋ। ਗਦਾਰ ਨੇ ਬੰਦ ਕਰਵਾ ਦਿੱਤਾ। ਕਥਾ ਨਾ ਕਰਿਆ ਕਰੋ, ਸਿਰਫ ਕੀਰਤਨ ਹੀ ਠੀਕ ਹੈ। ਕਿਉਕਿ ਕੀਰਤਨ ੧% ਨੂੰ ਸਮਝ ਆਉਂਦਾ ਹੈ। ੯੯% ਖੋਖਲੇ ਹਨ। ਸਿਮਰਨ ਨਹੀਂ ਕਰਨਾ, ਸਿੱਖ ਸਿਆਣਾ ਹੋ ਜਾਂਦਾ ਹੈ ਤੇ ਕੁਰਬਾਨੀ ਦਾ ਜਜ਼ਬਾ ਰੱਖਦਾ ਹੈ। ਲੈਕਚਰ ਕਰਨ ਨਾਲ

ਸਾਰਿਆਂ ਨੂੰ ਗੱਲ ਸਮਝ ਆ ਜਾਂਦੀ ਹੈ। ਸਾਰਾ ਕੁਝ ਬੰਦ ਕਰਵਾ ਦਿੱਤਾ, ਅੱਜ ਵੀ ਬੰਦ ਹੈ ਇਹ ਗੱਲ ਕਹੀ ਜਾਂਦੀ ਹੈ ਕਿ ਦਰਬਾਰ ਸਾਹਿਬ ਸਿਰਫ ਕੀਰਤਨ ਦੀ ਹੀ ਮਰਿਯਾਦਾ ਹੈ। ਗੁਰਬਾਣੀ ਵਿੱਚ ਕਿਥੇ ਲਿਖਿਆ ਹੈ, ਕਥਾ ਸਿਮਰਨ ਨਹੀਂ ਹੋਣਾ ਚਾਹੀਦਾ। ਕੀ ਗੁਰਬਾਣੀ ਹੀ ਗਲਤ ਹੈ ?

ਹੋਰ ਦੇਖੋ ! ਨਗਰ ਕੀਰਤਨ ਵੇਲੇ, ਲੰਗਰ ਵੇਲੇ, ਛਬੀਲ ਵੇਲੇ ਸਾਰੇ ਪਾਸੇ ਖਾਸ ਕਰਕੇ ਦਿੱਲੀ ਵਾਲੇ ਸਿੱਖ ਅਰਬਾਂ ਰੁਪਏ ਦਾ ਲੰਗਰ ਹੀ ਵਰਤਾ ਦੇਣਗੇ। ਮੂਰਖੋ ! ਕੋਈ ਕਪੜਾ ਮਿੱਲ ਲਾ ਦਿਉ ੧੦੦੦ ਸਿੱਖ ਕੰਮ ਕਰੇਗਾ। ਬੇਅਕਲਿਆ ਤੇਰਾ ਰਾਸ਼ਨ ਤਾਂ ਸਾਰੇ ਭਈਏ ਸਿਗਰਟਾਂ ਪੀਣ ਵਾਲੇ ਹੀ ਖਾ ਜਾਂਦੇ ਹਨ, ਤੈਨੂੰ ਬਖਸ਼ਿਸ ਤਾਂ ਨਹੀਂ ਮਿਲਣੀ Spinning ਮਿੱਲ ਹੀ ਲਾ ਦੇ। ਕੋਈ Airways Line ਹੀ ਬਣਾ ਲਉ। ੨-੪ Bank ਹੀ ਖੋਹਲ ਲਉ। ਸਿੱਖ ਵਿਹਲਾ ਹੀ ਨਾ ਰਹੇ। Medical College ਹਰ ਜਿਲ੍ਹੇ ਵਿੱਚ ਖੋਹਲ ਦਿਉ IIT ਵਰਗੇ ੧੦ College ਤੁਸੀ ਵੀ ਖੋਹਲ ਦਿਉ ਸਿੱਖ ਪੜ੍ਹ ਜਾਣ। ਚੜ੍ਹਾਵੇ ਦੀ ਸ਼ਰਾਬ ਪੀ ਛੱਡਿਆ ਕਰੋ ਤੇ ਚੋਣ ਪਰਚਾਰ ਤੇ ਸ਼ਰਾਬਾਂ ਪੀਣ ਤੇ ਲਾ ਦਿਉ ਕਰੋ। ੫੦੦ ਪਰਚਾਰਕ ਹੈ ਕਮੇਟੀ ਕੋਲ ਕਿਸੇ ਨੂੰ ੧ਓ ਦੇ ਅਰਥ ਨਹੀਂ ਆਉਂਦੇ ੧੦,੦੦੦ ਤਨਖਾਹ ਲੈਂਦੇ ਹਨ। ਸਿੱਖ ਦੇਹਧਾਰੀ ਗੁਰੂਆਂ ਕੋਲ ਜਾ ਰਿਹਾ ਹੈ।

ਗੁਰੂ ਨਾਨਕ ਦੀ ਸਿੱਖਿਆ ਹੁਣ ਲਾਹੇਵੰਦ ਨਹੀਂ ਰਹੀ। ਯੁੱਗ ਬਦਲ ਗਿਆ ਹੈ ਕਿ ਅਸੀ ਬਦਲ ਗਏ ਹਾਂ ? ਰੱਬ ਹੀ ਸ਼ਾਇਦ ਬਦਲ ਗਿਆ ਹੈ। ਤੂੰ ਸੌਖੇ ਤਰੀਕੇ ਨਾਲ ਰੱਬ ਪਾਉਣਾ ਚਾਹੁੰਦਾ ਹੈ। ਗੁਰੂ ਨਾਨਕ ਦਾ ਰੱਬ ਸ਼ਾਇਦ ਔਖੇ ਤਰੀਕੇ ਨਾਲ ਮਿਲਦਾ ਹੈ। ਤੂੰ ਘੋਨਾ ਮੋਨਾ ਵੀ ਹੈਂ ਤੇ ਨਾਮ ਵੀ ਲਿਆ ਹੋਇਆ ਹੈ। ਸਿਗਰਟਾਂ ਵੀ ਪੀਂਦਾਂ ਹੈ ਨਾਮ ਵੀ ਲਿਆ ਹੋਇਆ ਹੈ, ਪਰਾਈ ਇਸਤਰੀ ਨਾਲ ਸਬੰਧ ਵੀ ਹੈ ਤੇ ਨਾਮ ਵੀ ਲਿਆ ਹੋਇਆ ਹੈ। ਧੰਨ ਹੈ ਤੇਰਾ ਗੁਰੂ ਤੇ ਧੰਨ ਤੂੰ ਉਸ ਦਾ ਚੇਲਾ, ਨਾ ਤਾਂ ਤੇਰੇ ਗੁਰੂ ਨੂੰ ਕੋਈ ਰੱਬ ਦੀ ਅਕਲ ਹੈ ਨਾ ਹੀ ਤੈਨੂੰ। ਤੁਸੀ ਦੋਵੇਂ ਹੀ ਅੰਨੇ ਹੋ। ਦੇਹਧਾਰੀ ਗੁਰੂ ਸਰਕਾਰੀ ਏਜੰਟ ਹੈ, ਤੈਨੂੰ ਵੋਟਾਂ ਪਾਉਣ ਨੂੰ ਸਿੱਖਾਂ ਦੇ ਬਰਖਿਲਾਫ ਕਹੇਗਾ। ਹਰ ਦੇਹਧਾਰੀ ਗੁਰੂ ਸਿੱਖਾਂ ਦੇ ਬਰਖਿਲਾਫ ਹੈ ਭਾਵ ਗੁਰੂ ਨਾਨਕ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਖਿਲਾਫ ਹੈ। ਮੂਰਖਾ ! ਤੂੰ ਅੰਨਾ ਹੋਣ ਕਰਕੇ ਸਮਝ ਨਹੀਂ ਰਿਹਾ। ਤੂੰ ਆਖਦਾ ਹੈਂ ਗੱਲ ਤਾਂ ਗੁਰਬਾਣੀ ਦੀ ਕਰਦੇ ਹਨ ਤੈਨੂੰ ਜਾਲ ਵਿੱਚ ਫਸਾਉਣ ਲਈ। ਤੇਰੀ ਅਕਲ ਦਾ ਇੱਥੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੋ ਆਦਿ ਹਨ ਛੱਡ ਕੇ ਤੂੰ ਸਰਕਾਰੀ ਏਜੰਟ ਕੋਲ ਜਾ ਰਿਹਾ ਹੈਂ ਕਿੰਨੀ ਕੁ ਅਕਲ ਦਾ ਮਾਲਕ ਹੈਂ ?

ਸਿੱਖੀ ਵਿੱਚ ਗਦਾਰ ਬੜੇ ਹਨ - ਸ਼ਾਇਦ ਵਿਕ ਜਾਂਦੇ ਹਨ। ਜਦੋਂ ਲਿਖਣਗੇ ਗੁਰੂਆਂ ਦੇ ਉਲਟ ਲਿਖਣਗੇ, ਜਿੰਨੇ ਕਾਮਰੇਡ ਉਨ੍ਹੇ ਹੀ ਸਿੱਖ। ਜਿੰਨੇ ਰੱਬ ਤੋਂ ਉਲਟ ਉਨੇ ਹੀ ਸਿੱਖ, ਬੜਾ ਮਾਣ ਸਮਝਦੇ ਹਨ, ਫਖਰ

ਸਮਝਦੇ ਹਨ, ਰੱਬ ਦੇ ਗੁਰੂਆਂ ਦੇ ਉਲਟ ਬੋਲ ਕੇ। ਜਾਂ ਲਿਖ ਕੇ। ਹੁਣ ਇੱਕ ਨਵਾਂ ਗਦਾਰ ਉਠਿਆ ਹੈ, ਵਿਕਿਆ ਹੋਇਆ ਏਜੰਸੀ ਤੋਂ, ਨੌਵੀ ਫੇਲ੍ਹ ਸਿਪਾਹੀ ਗੁਰਬਖਸ਼ ਸਿੰਘ ਕਾਲਾ ਅਫਗਾਨਾ। ਪਹਿਲਾਂ ਕਿਤਾਬਾਂ ਠੀਕ ਲਿਖੀਆਂ ਹੁਣ ਗੁਰੂਆਂ ਦੇ ਹੀ ਬਰਖਿਲਾਫ ਬੋਲਣ ਲੱਗ ਪਿਆ ਹੈ। ਸਪੋਕਸਮੈਨ ਉਸ ਦੀ ਹਰ ਗੱਲ ਲਿਖ ਰਿਹਾ ਹੈ ਕਿਉਂ ਕਿ ਆਪ ਅੱਜ ਤੱਕ ਮਨਮੁਖ ਹੈ ਗੁਰਸਿੱਖੀ ਉਸ ਦੇ ਨੇੜੇ ਵੀ ਨਹੀਂ। ਥੋੜ੍ਹੀ ਦੇਰ ਹੋਰ ਸਿੱਖਾਂ ਨੂੰ ਬੇਵਕੂਫ ਬਣਾਏਗਾ। ਪੈਸੇ ਦਾ ਪੁਤਲਾ ਹੈ। ਗੁਰਬਖਸ਼ ਸਿੰਘ ਨੇ ਉਸ ਨੂੰ ਕੁਝ ਪੈਸੇ ਦਿੱਤੇ ਹੋਣਗੇ ਜਿਵੇਂ ਬਾਦਲ ਨੇ ਅਜੀਤ ਅਖਬਾਰ ਵਾਲੇ ਨੂੰ ਦਿੱਤੇ ਸਨ। ਅਜੀਤ ਨੇ ਵੀ ਸਿੱਖੀ ਪਾੜ ਦਿੱਤੀ। ਇਹੋ ਜਿਹੇ ਬਹੁਤ ਗਦਾਰ ਹਨ ਸਿੱਖ ਪੰਥ ਦੇ। ਅਸੀ ਵੀ ਸਿੱਖੀ ਬਾਰੇ ਕੁਝ ਜਾਣਿਆ ਨਹੀਂ, ਸਮਝਿਆ ਨਹੀਂ, ਸ਼ਰਾਬ ਪਿਲਾ ਕੇ ਮੈਂਬਰ ਬਣ ਗਏ, ਆਪਾਂ ਕੀ ਸੁਧਾਰ ਲਿਆਉਣਾ ਹੈ?

ਮੈਨੂੰ ਯਾਦ ਆਇਆ, ਜਦੋਂ ਵੀ ਸਿੱਖੀ ਦੇ ਪ੍ਰਧਾਨ ਬਾਹਰ ਆ ਕੇ ਠਹਿਰਦੇ ਸਨ ਸਮਗਲਰਾਂ ਸ਼ਰਾਬੀਆਂ ਕੋਲ ਠਹਿਰਦੇ ਸਨ। ਗੁਰਸਿੱਖ ਕੋਲ ਤਾਂ ਜਾਂਦੇ ਹੀ ਨਹੀਂ ਸਨ। ਕਿਉਂ ਕਿ ਆਪ ਗੁਰਸਿੱਖ ਨਹੀਂ ਸਨ ਰੋਜ਼ ਘੁਟ ਪੀਂਦੇ ਸਨ। ਅਕਾਲੀ ਜੇਲ੍ਹ ਵਿੱਚ ਹੋ ਗਏ, ਅਰਕ ਜਾਇਆ ਕਰਦਾ ਸੀ ਉਹਨਾਂ ਦੇ ਰੋਜ਼ ਹੀ ਪੇਟ ਦਰਦ ਰਹਿੰਦੀ ਸੀ। ਆਦੀ ਸਨ, ਰੋਜ਼ ਸ਼ਰਾਬ ਅੰਦਰ ਜਾਂਦੀ ਸੀ, ਉਹ ਪੀਂਦੇ ਸਨ। ਇਹ ਹਾਲ ਹੈ ਸਾਡੀ ਕੌਮ ਦਾ। ਯਾਦ ਰੱਖਣਾ ਆਪਣਾ ਭੁਗਤਾਨ ਆਪੇ ਭੁਗਤੋਗੇ। ਜਦੋਂ ਹੱਥੋਂ ਸੱਭ ਕੁੱਝ ਚਲਾ ਗਿਆ। ਕੇਸਾਧਾਰੀ ਹਿੰਦੂਆਂ ਦਾ ਕਬਜ਼ਾ ਹੋ ਜਾਣਾ ਗੁਰਦੁਆਰਿਆਂ ਤੇ, ਉਦੋਂ ਦੇਖੋਗੇ। ਯਾਦ ਕਰੋਗੇ ਸਮੇਂ ਨੂੰ। ਆਪ ਹਰਾਮਖੋਰ ਹਨ ਦੂਜਿਆਂ ਨੂੰ ਠੀਕ ਬੰਦਿਆਂ ਨੂੰ ਕਾਂਗਰਸੀ ਕਹਿੰਦੇ ਹਨ, ਕਾਂਗਰਸੀ ਤੁਹਾਡੇ ਨਾਲੋਂ ਚੰਗੇ ਹਨ। ਠੀਕ ਹੈ ਕਾਂਗਰਸੀ ਬਹੁਤੇ ਗੁਰਸਿੱਖ ਨਹੀਂ। ਪਰ ਤੁਹਾਡੇ ਨਾਲੋਂ ਚੰਗੇ ਹਨ। B.J.P. ਨਾਲੋਂ ਚੰਗੇ ਹਨ, ਤੁਹਾਡੇ ਰਾਜ ਨਾਲੋਂ ਚੰਗਾ ਹੀ ਰਾਜ ਕਰਨਗੇ। ਤੁਸੀ ਪੰਜਾਬ ਨੂੰ ਮੰਗਤਾ ਬਣਾ ਦੇਣਾ ਸੀ ੬੫ ਤੋਂ ੩੫% Percapita Income ਤੇ ਆ ਗਿਆ ਸੀ। USA dI Percapita Income 3940 Rs. Per Day Per Parson ਹੈ। ਸਾਡੀ ਹੁਣ ੩੫ ਤੋਂ ੫ ਤੇ ਆ ਜਾਣਾ ਸੀ, ਜੇ ਬਾਦਲ ਆ ਜਾਂਦਾ। ੬੩ ਹਜ਼ਾਰ ਕਰੋੜ ਦਾ ਕਰਜ਼ਾ ਹੈ ਪੰਜਾਬ ਤੇ ਅਕਾਲੀ ਸਰਕਾਰ ਦਾ। ਦੇਖੋ ਹੁਣ ਕਾਂਗਰਸ ਕੀ ਕਰਦੀ ਹੈ। ਤੁਸੀ ਤਾਂ ਪਾਣੀ ਵੀ ਦੇ ਦਿੱਤਾ ਸੀ। ਪਰ ਦੇਖੋ ਹੁਣ ਸੈਂਟਰ ਕੀ ਕਹਿੰਦਾ ਹੈ।

ਅਕਾਲੀਆਂ ਨੇ ਤਾਂ ਵੱਢੀ ੩੦੦% ਵਧਾ ਦਿੱਤੀ ਸੀ, ਹੁਣ ਥੋਹੜੀ ਘੱਟ ਹੈ ਅਜੇ ਵੀ ਸ਼ਰੇਆਮ ਹੈ। ਲਾਇਸੰਸ ਬਣਾਉਣ ਜਾਉ ੨੫੦ ਦਾ ੫੦੦ ਸ਼ਰੇਆਮ ਲੈ ਰਹੇ ਹਨ, ਕਲਰਕ ਨੂੰ ਪੁੱਛੋ ਮੈਂ ਅੱਗੇ ਧਠੌਂ ਨੂੰ ਦਿੰਦਾ ਹਾਂ। ਇਹੋ ਜਿਹੀਆਂ ਸਰਕਾਰਾਂ ਧੰਨ ਹਨ। ਸਾਡੇ ਰਿਸ਼ਤੇਦਾਰ ਸਨ ਪੁਲੀਸ ਵਿੱਚ ਵਿਜੀਲੈਂਸ ਵਿਭਾਗ ਵਿੱਚ ਮਾਮਾ ਜੀ, ਇਹ ਸ਼ਰੇਆਮ ਵੱਢੀ ਲਈ

ਜਾਂਦੇ ਹਨ ਕਚਹਿਰੀ ਵਿੱਚ, ਤੁਸੀ ਕੁਝ ਕਹਿੰਦੇ ਨਹੀਂ ਪਕੜਦੇ ਨਹੀਂ। ਉਹਨਾਂ ਕਿਹਾ, ਜਿਹੜਾ ਸ਼ਰੇਆਮ ਲੈ ਰਿਹਾ ਹੈ ਉਸ ਨੂੰ ਨਹੀਂ ਪਕੜ ਸਕਦੇ ਕਿਉਂ ਕਿ ਉਹ ਅੱਗੇ ਤੱਕ ਜਾਂਦੀ ਹੈ।

ਕੋਈ ਐਸਾ ਵਿਭਾਗ ਦੱਸੋ ਜਿੱਥੇ ਵੱਢੀ ਨਹੀਂ। ਤਹਿਸੀਲਾਂ ਦਾ ਹਾਲ ਦੇਖੋ, ਪੁਲਿਸ ਦਾ ਹਾਲ ਦੇਖੋ, ਹੈ ਕੋਈ ਰੱਬ ਦਾ ਡਰ, ਕੋਈ ਅਗਲੀ ਦੁਨੀਆਂ ਦੀ ਸੋਝੀ।

ਹੋਰ ਛੋਟੀਆਂ-ਛੋਟੀਆਂ ਗੱਲਾਂ ਸ਼ਾਇਦ ਆਪਾਂ ਨੂੰ ਪਤਾ ਨਹੀਂ Vehicles Law ਹੈ ਕਿ ਸੂਰਜ ਡੁਬਣ ਤੋਂ ਚੜ੍ਹਨ ਤੱਕ ਹਾਰਨ ਨਹੀਂ ਵਜਾਈ ਦਾ। ਪਰ ਇੱਥੇ ਸਿਰ ਖਾ ਜਾਂਦੇ ਹਨ। ਸਾਨੂੰ Sound Pollution ਦੀ Sense ਹੀ ਨਹੀਂ। ਇੱਥੇ ਹਾਰਨ ਤੇ ਹੱਥ ਰੱਖਿਆ ਹੋਏਗਾ, ਚੱਲ ਸੁ ਚੱਲ ਟੀਂ ਟੀਂ --------- ਹੱਥ ਨਹੀਂ ਚੁਕਣਾ ਹਾਰਨ ਤੋਂ। ਰਾਤ ਦੇ ੧੨:੩੦ ਵਜੇ ਹਨ ਸਾਡਾ ਗੁਆਂਢੀ ਘਰ ਆਇਆ ਹੈ, ਗਰੇਵਾਲ ਹੈ। ਤੂੰ ਘਰ ਦੀ ਘੰਟੀ ਵਜਾ ਦੇ, ਹਾਰਨ ਤੇ ਹਾਰਨ ਭਾਵੇਂ ਦਸ ਘਰ ਡਿਸਟਰਬ ਹੋ ਜਾਣ, ਹੁੰਦੇ ਹੋ ਜਾਣ, ਹਾਰਨ ਹੀ ਮਾਰਨਾ ਹੈ। ਸਵੇਰੇ ਸਵੇਰੇ ੩/੪ ਵਜੇ ਥ੍ਰੀ ਵੀਲਰ ਵਾਲਾ ਸਕੂਟਰ ਲੰਘਦਾ ਹੈ, ਸਾਈਲੈਂਸਰ ਹੀ ਹੈ ਨਹੀਂ, ਜੋ ਅਵਾਜ਼ ਕਰਦਾ ਹੈ, ਸਾਰੇ ਲੁਧਿਆਣੇ ਨੂੰ ਉਠਾ ਦਿੰਦਾ ਹੈ ਦੇਖੋ ਤਾਂ ਸਰਦਾਰ ਹੋਏਗਾ। ਜੋ ਜਹਾਨ ਦਾ ਬੇਅਕਲਾ ਸਰਦਾਰ ਹੋਵੇਗਾ। ਟਰੱਕ ਸੜਕ ਤੇ ਕਾਰ ਨੂੰ ਸਾਈਡ ਨਹੀਂ ਦੇ ਰਿਹਾ, ਦੇਵੇਗਾ ਵੀ ਨਹੀਂ, ਕਿਉਂਕਿ ਉਹ ਵੀ ਸਰਦਾਰ ਹੈ।

ਸੜਕਾਂ ਤੇ ਸਪੀਡ ਲਿਖੀ ਹੋਣੀ ਚਾਹੀਦੀ ਹੈ, ਟਰੈਕ ਵਾਈਜ਼, ਲੇਨ ਵਾਈਜ਼ ੪੦/੬੦/੮੦/੧੦੦। ੪੦ ਵਾਲਾ ੬੦ ਵਾਲੀ ਲਾਈਨ ਵਿੱਚ ਹੀ ਨਾ ਆਵੇ। ੬੦ ਵਾਲਾ ੮੦ ਵਾਲੀ ਲਾਈਨ ਵਿੱਚ ਨ ਆਵੇ। ਟਰੈਫਿਕ ਆਪਣੇ ਆਪ ਠੀਕ ਹੋ ਜਾਏ। ਟਰਾਲੀ ਜਾ ਰਹੀ ਹੈ ਜਾ ਵੀ ਸੜਕ ਦੇ ਸੱਜੇ ਪਾਸੇ ਹੈ ਕਿਉਕਿ ਸਰਦਾਰ ਦੀ ਟਰਾਲੀ ਹੈ Overtake ਵੀ ਸੱਜਿਉਂ ਕਰਨਾ ਹੈ। ਕਰ ਲਉ Overtake !

ਰੇਲਵੇ ਵੱਲ ਦੇਖ ਲਉ, ਲੁਧਿਆਣੇ ਤੋਂ ਇੰਜਣ ਆਪਨਾ ਹਾਰਨ ਮਾਰਨਾ ਸ਼ੁਰੂ ਕਰਦਾ ਹੈ ਜਿੰਨਾ ਚਿਰ ੧੦ Km. ਦੂਰ ਨਹੀਂ ਚਲਾ ਜਾਂਦਾ ਹਾਰਨ ਵੱਜਦਾ ਜਾਂਦਾ ਹੈ ਲਗਾਤਾਰ। ਰੱਬ ਹੀ ਅਕਲ ਦੇਵੇ What is Sound pollution

